
# ਗਗਨ ਮੈ ਥਾਲੁ



# ਗਗਨ ਮੈ ਥਾਲੁ

## ਲੇਖਕ ਦੀਆਂ ਹੋਰ ਪੁਸਤਕਾਂ

**ਨਾਟਕ** : ਅਭਿਸਾਰਿਕਾ, ਲੋਹਾ ਕੁਟ, ਧੂਣੀ ਦੀ ਅੱਗ, ਸੁਲਤਾਨ ਰਜ਼ੀਆ, ਕਣਕ ਦੀ ਬੱਲੀ, ਸੌਂਕਣ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਂਵਾਲ, ਗਗਨ ਮੈਂ ਥਾਲ, ਐਕਟ੍ਰੈੱਸ।

**ਇਕਾਂਗੀ** : ਕੁਆਰੀ ਟੀਸੀ, ਪੱਤਣ ਦੀ ਬੇੜੀ, ਪੈਂਤੜੇਬਾਜ਼, ਚਾਕੂ।

**ਨਾਵਲ** : ਕੱਕਾ ਰੇਤਾ।

**ਕਹਾਣੀ** : ਮਿਰਚਾਂ ਵਾਲਾ ਸਾਧ, ਡੂਲ੍ਹੇ ਬੇਰ, ਕਾਲਾ ਅੰਬ।

**ਖੋਜ** : ਰੰਗ ਮੰਚ, ਲੋਕ-ਨਾਟਕ।

**ਰੇਖਾਚਿੱਤਰ** : ਹੁਸੀਨ ਚਿਹਰੇ, ਨਿੰਮ ਦੇ ਪੱਤੇ ਸੁਰਮੇ ਵਾਲੀ ਅੱਖ, ਕੌਡੀਆਂ ਵਾਲਾ ਸੱਪ, ਸ਼ਰਬਤ ਦੀਆਂ ਘੁੱਟਾਂ।

**ਯਾਤਰਾ** : ਪਾਤਾਲ ਦੀ ਧਰਤੀ

**ਆਤਮਕਥਾ** : ਨੰਗੀ ਧੁੱਪ, ਕਾਸ਼ਨੀ ਵਿਹੜਾ।

# ਗਗਨ ਮੈ ਥਾਲੁ

ਬਲਵੰਤ ਗਾਰਗੀ

ਨਵਯੁਗ ਪਬਲਿਸ਼ਰਜ਼
ਕੇ-24, ਹੌਜ਼ ਖ਼ਾਸ,
ਨਵੀਂ ਦਿੱਲੀ

GAGAN MEH THAL
By
BALWANT GARGI

ਹੱਕ ਰਾਖਵੇਂ ਹਨ

ਪਹਿਲੀ ਵਾਰ : ਨਵੰਬਰ ੧੯੬੯

© 1994

ਪਰਕਾਸ਼ਕ
ਨਵਯੁਗ ਪਬਲਿਸ਼ਰਜ਼
K-24, ਹੌਜ਼ ਖ਼ਾਸ
ਨਵੀਂ ਦਿੱਲੀ

ਛਾਪਕ
ਨਵਯੁਗ ਪ੍ਰੈਸ
ਅੰਧੇਰੀਆ ਮੋੜ
ਮਹਿਰੌਲੀ, ਨਵੀਂ ਦਿੱਲੀ - 30

ਮੁੱਲ : 55/-



ਮੈਂ ਸ਼੍ਰੀ ਸੂਰਜ ਭਾਨ ਵਾਈਸ-ਚਾਂਸਲਰ ਪੰਜਾਬ ਯੂਨੀਵਰਸਿਟੀ ਦਾ ਖ਼ਾਸ ਤੌਰ ਪੁਰ ਰਿਣੀ ਹਾਂ ਜਿਨ੍ਹਾਂ ਹਰ ਪੜਾਅ ਉਤੇ ਉਤਸਾਹ ਦਿਤਾ । ਉਹਨਾਂ ਨੇ ਸਾਰੇ ਵਸੀਲੇ ਮੁਹੱਈਆ ਕੀਤੇ ਜਿਨ੍ਹਾਂ ਨਾਲ ਮੈਂ ਕਈ ਮਹੀਨੇ ਨਾਟਕ ਦੀਆਂ ਅਟੁੱਟ ਰੀਹਰਸਲਾਂ ਕਰ ਸਕਿਆ ਤੇ ਨਵੀਆਂ ਨਾਟਿ-ਵਿਧੀਆਂ ਨੂੰ ਆਪਣੀ ਰਚਨਾ ਵਿਚ ਪਰੋ ਸਕਿਆ ।

ਬਲਵੰਤ ਗਾਰਗੀ

ਇਹ ਨਾਟਕ ਪਹਿਲੀ ਵਾਰ ਪੰਜਾਬ ਯੂਨੀਵਰਸਿਟੀ ਦੇ ਡੀਪਾਰਟਮੈਂਟ ਆਫ਼ ਇੰਡੀਅਨ ਥੀਏਟਰ ਵਲੋਂ ਟੈਗੋਰ ਥੀਏਟਰ ਚੰਡੀਗੜ੍ਹ ਵਿਚ ੧੫ ਨਵੰਬਰ ੧੯੬੯ ਨੂੰ ਖੇਡਿਆ ਗਿਆ ।

# ਕੁਝ ਸ਼ਬਦ

ਮੈਂ ਫੁਲਕਾਰੀਆਂ ਵਾਲੇ ਸਾਧ ਦਾ ਰਿਣੀ ਹਾਂ ਜਿਸ ਨੇ ਮੈਨੂੰ ਛੋਟੇ ਹੁੰਦੇ ਨੂੰ ਰੇਤੇ ਉੱਤੇ ਖੂੰਡੀ ਨਾਲ ੧ ਓੇ ਵਾਹ ਕੇ ਸਿਖਾਇਆ।

ਗੁਰਬਾਣੀ ਨਾਲ ਇਹ ਮੇਰਾ ਪਹਿਲਾ ਪ੍ਰੀਚਯ ਸੀ।

ਸਕੂਲ ਤੇ ਕਾਲਜ ਵਿਚ ਅੰਗ੍ਰੇਜ਼ੀ ਪੜ੍ਹਦਾ ਮੈਂ ਗੁਰਮੁਖੀ ਭੁੱਲ ਗਿਆ। ਪਰ ਪਿੰਡ ਵਿਚ ਅਕਸਰ ਗੁਰਬਾਣੀ ਦਾ ਪਾਠ ਤੇ ਕੀਰਤਨ ਸੁਣ ਹੀ ਲੈਂਦਾ ਸਾਂ। ਬਠਿੰਡੇ ਆਏ ਭਾਈ ਚਾਂਦ ਖ਼ਾਨ ਤੇ ਚਾਨਣ ਖ਼ਾਨ ਦੇ ਕੀਰਤਨ ਲਈ ਵੀ ਮੈਂ ਮੂੰਹ-ਹਨੇਰੇ ਹੀ ਪਹੁੰਚ ਜਾਂਦਾ। ਇਕੋ ਸ਼ਬਦ ਨੂੰ ਗਾਉਂਦੇ ਹੋਏ ਉਹ ਦਿਨ ਚੜ੍ਹਾ ਦੇਂਦੇ। ਸ਼ਬਦ ਓਹੀ ਰਹਿੰਦਾ, ਪਰ ਭੈਰਵ ਰਾਗ ਦੇ ਸੁਰ ਆਪਣੇ ਆਪ ਭੈਰਵੀ ਵਿਚ ਬਦਲ ਜਾਂਦੇ, ਫਿਰ ਟੋਡੀ ਵਿਚ ਤੇ ਫਿਰ ਸਹਿਰਾਈ ਵਿਚ। ਸਮੇਂ ਦੀ ਅਟੁੱਟ ਗਤੀ ਨੂੰ ਉਹ ਬਦਲਦੇ ਰਾਗਾਂ ਵਿਚ ਬੰਨ੍ਹ ਕੇ ਪੇਸ਼ ਕਰਦੇ। ਸ਼ਬਦ ਦੀ ਅਮੁੱਕ ਧੁਨੀ ਅਨਹਦ ਨਾਦ ਸੀ। ਇਹਦਾ ਪ੍ਰਭਾਵ ਮੈਂ ਹੁਣ ਤੀਕ ਨਹੀਂ ਭੁਲਾ ਸਕਿਆ।

ਹੁਣ ਜਦੋਂ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ-ਸ਼ਤਾਬਦੀ ਥਾਂ ਥਾਂ ਮਣਾਈ ਜਾ ਰਹੀ ਹੈ ਤਾਂ ਸੋਚਿਆ ਮੈਂ ਵੀ ਗੁਰੂ ਨੂੰ ਸ਼ਰਧਾਂਜਲੀ ਪੇਸ਼ ਕਰਾਂ। ਪਰ ਕਿਸ ਰੂਪ ਵਿਚ ?

ਨਾਟਕ ਲਿਖਣ ਦੀ ਸੋਚੀ ਤਾਂ ਮੈਨੂੰ ਝਿਜਕ ਹੋਈ ਕਿਉਂਕਿ ਮੈਂ ਸਮਝਦਾ ਹਾਂ ਕਿ ਕਿਸੇ ਪਰਮ-ਆਤਮਾ ਨੂੰ ਆਪਣੀ ਰਚਨਾ ਦਾ ਪਾਤਰ ਬਣਾ ਕੇ ਪੇਸ਼ ਕਰਨਾ ਬਹੁਤ ਔਖਾ ਕੰਮ ਹੈ। ਮੈਂ ਇਸ ਕਲਾਆਤਮਿਕ ਔਕੜ ਤੋਂ ਜਾਣੂੰ ਸਾਂ, ਪਰ ਮੇਰੇ ਮਨ ਵਿਚ ਫਿਰ ਵੀ ਗੁਰੂ ਦੇ ਜੀਵਨ ਤੇ ਬਾਣੀ ਨਾਲ ਜ਼ਰਾ ਹੋਰ ਨੇੜੇ ਹੋਣ ਦੀ ਤਾਂਘ ਜਾਗੀ। ਗੁਰੂ ਦੇ ਵਿਸ਼ਾਲ ਜੀਵਨ-ਦਰਸ਼ਨ ਨੂੰ ਤਿੰਨ-ਅੰਕੀ ਨਾਟਕ ਵਿਚ ਪੇਸ਼ ਕਰਨਾ ਅਸੰਭਵ ਹੈ। ਉਨ੍ਹੀਵੀਂ ਸਦੀ ਦੀ ਤਿੰਨ-ਅੰਕੀ ਨਾਟਿ-ਪਰੰਪਰਾ ਮਧ-ਸ਼੍ਰੇਣੀ ਦੇ ਸੌੜੇ ਜੀਵਨ ਤੇ ਉਹਨਾਂ ਦੇ ਘਰੋਗੀ ਮਾਹੌਲ ਦੀ ਪੈਦਾਵਾਰ ਸੀ। ਯਥਾਰਥ ਦਾ ਰਗ ਹਰ ਕਲਾ ਵਿਚ ਉਭਰ ਕੇ ਆ ਰਿਹਾ ਸੀ — ਨਾਟਕ ਨੇ ਵੀ ਇਸ ਨੂੰ ਪ੍ਰਵਾਨ ਕੀਤਾ। ਹੌਲੀ ਹੌਲੀ ਨਾਟਕ ਦਾ ਘੇਰਾ ਯਥਾਰਥਿਕ ਪਰੰਪਰਾ ਦੀ ਹੱਦ-ਬੰਦੀ ਨਾਲ ਸੰਕੀਰਨ ਹੁੰਦਾ ਗਿਆ। ਇਸ ਸਦੀ ਦੇ ਦੂਜੇ ਦਹਾਕੇ ਇਸ ਦੇ ਵਿਰੁਧ ਬਗ਼ਾਵਤ ਹੋਈ ਅਤੇ ਕਈ ਉੱਘੇ ਨਿਰਦੇਸ਼ਕਾਂ ਨੇ ਪ੍ਰਗਟਾਅਵਾਦ ਤੇ ਸ਼ੈਲੀਬਧ ਰਚਨਾਵਾਂ ਦੇ ਤਜਰਬੇ ਕੀਤੇ। ਰੂਸ ਦੇ ਨਿਰਦੇਸ਼ਕ ਵਖਤਾਂਗਵ ਤੇ ਮਾਇਰਹੋਲਡ, ਇਟਲੀ ਦੇ ਪ੍ਰਿੰਡੈਲੋ, ਤੇ ਉਸ ਪਿਛੋਂ ਜਰਮਨੀ ਦੇ ਬਰਟੋਲਟ ਬ੍ਰੈਸ਼ਟ ਨੇ ਨਾਟਕ ਨੂੰ ਵਿਸ਼ਾਲ ਬਣਾਇਆ। ਉਹਨਾਂ ਨੇ ਮੰਚ ਦੀਆਂ ਪਰੰਪਰਾਗਤ ਵਿਧੀਆਂ ਨੂੰ ਮੁੜ ਨਵੀਂ ਚੇਤਨਾ ਨਾਲ ਸੁਰਜੀਤ ਕੀਤਾ। ਕਥਾਕਾਰ, ਗੀਤ, ਸ਼ੈਲੀਬਧ ਵਾਰਤਾਲਾਪ, ਮਨ-ਬਚਨੀ, ਉਹਲਾ, ਨ੍ਰਿਤਮਈ ਗਤੀ ਤੇ ਮੁਕਟ-ਮਖੌਟਿਆਂ ਦੇ ਪ੍ਰਯੋਗ ਨਾਲ ਉਹਨਾਂ ਨੇ ਨਾਟਕ ਨੂੰ ਭਰਪੂਰ ਬਣਾਇਆ।

'ਗਗਨ ਮੈ ਥਾਲੁ' ਲਿਖਣ ਲੱਗੇ ਮੈਂ ਲੋਕ-ਨਾਟਕ ਦੀਆਂ ਰਹੁ-ਰੀਤਾਂ, ਨਾਟਕੀ ਵਿਉਂਤਾਂ ਤੇ ਆਧੁਨਿਕ ਪੱਛਮੀ ਜਾਚਾਂ ਦਾ ਪ੍ਰਯੋਗ ਕੀਤਾ। ਮੇਰੇ ਸਾਹਮਣੇ ਇਹ ਸਵਾਲ ਸੀ ਕਿ ਮੈਂ ਇਸ ਨਾਟਕ ਵਿਚ ਕੀ ਆਖਣਾ ਚਾਹੁੰਦਾ ਹਾਂ ਤੇ ਉਸ ਦਾ ਕਲਾਆਤਮਿਕ ਸਰੂਪ ਕੀ ਹੋਵੇ ? ਮੇਰੇ ਸਾਹਮਣੇ ਗੁਰੂ-ਨਾਨਕ ਦੇ ਇਤਿਹਾਸਿਕ ਕਾਲ ਤੇ ਉਸ ਸਮੇਂ ਦੀਆਂ ਸਮਾਜਿਕ ਤੇ ਰਾਜਨੀਤਕ ਪ੍ਰਸਥਿਤੀਆਂ ਉਘੜ ਕੇ ਆਈਆਂ।

ਨਾਨਕ ਦਾ ਸੁਨੇਹਾ ਉਸ ਦੇ ਸਮਾਜੀ ਪਿਛੋਕੜ ਵਿਚ ਹੀ ਸਮਝਿਆ ਜਾ ਸਕਦਾ ਹੈ ਤੇ ਇਸ ਦੇ ਸਦੀਵੀ ਅਰਥ ਗ੍ਰਹਿਣ ਕੀਤੇ ਜਾ ਸਕਦੇ ਹਨ। ਜ਼ੁਲਮ, ਕੂੜ, ਰਾਜਸੀ ਧੋਖੇ, ਧਾਰਮਿਕ ਪਾਖੰਡ ਤੇ ਸਾਮੰਤਸ਼ਾਹੀ ਦਾਬੇ ਨੂੰ ਪ੍ਰਦਰਸ਼ਿਤ ਕਰਕੇ ਮੈਂ ਨਾਨਕ ਦੀ ਵੰਗਾਰ ਤੇ ਭਵਿੱਖ-ਬਾਣੀ ਨੂੰ ਉਘਾੜਨ ਦਾ ਜਤਨ ਕੀਤਾ ਹੈ। ਉਸ ਦੀ ਬਾਣੀ ਨੂੰ ਨਾਟਕੀ ਘਟਨਾਵਾਂ ਉੱਤੇ ਘਟਾ ਕੇ ਉਹਦੇ ਵਿਚ ਸ਼ਿੱਦਤ ਪੈਦਾ ਕੀਤੀ ਹੈ । ਕੂੜ ਤੇ ਅਤਿਆਚਾਰ ਨੂੰ ਨਾਨਕ ਦੀ ਰੱਬੀ ਬਾਣੀ ਕਾਤੀ ਵਾਂਗ ਕੱਟਦੀ ਹੈ । ਜ਼ੁਲਮ ਦੀ ਅੱਗ ਪਿਛੋਂ ਸ਼ਬਦ ਠੰਢ ਪਾਉਂਦੇ ਹਨ।

ਇਸ ਨਾਟਕ ਵਿਚ ਰਬਾਬੀਆਂ ਦਾ ਟੋਲਾ ਬਾਣੀ ਗਾ ਕੇ ਥਾਂ ਥਾਂ ਸਿਖਰ ਉਸਾਰਦਾ ਹੈ। ਤੀਵੀਆਂ ਦਾ ਕੋਰਸ ਮਾਤਾ ਤ੍ਰਿਪਤਾ ਤੇ ਸੁਲੱਖਣੀ ਦੇ ਜਜ਼ਬਾਤ ਨੂੰ ਦਰਸਾਉਂਦਾ ਹੈ। ਜਦ ਬਾਬਰ ਹਮਲਾ ਕਰਦਾ ਹੈ ਤਾਂ ਤੀਵੀਆਂ ਦਾ ਕੋਰਸ ਸਮੁੱਚੇ ਸਮਾਜ ਦਾ ਵੈਣ ਬਣ ਜਾਂਦਾ ਹੈ। ਬਾਣੀ ਨੂੰ ਗਾ ਕੇ ਇਹ ਤੀਵੀਆਂ ਘਟਨਾਵਾਂ ਦੇ ਦੁਖਾਂਤ ਨੂੰ ਡੂੰਘੇਰਾ ਕਰਦੀਆਂ ਹਨ । ਫਿਰ ਇਹੋ ਤੀਵੀਆਂ ਨਾਨਕ ਦੀ ਵਾਪਸੀ ਉੱਤੇ ਸਾਰੇ ਲੋਕਾਂ ਦੀ

ਖ਼ੁਸ਼ੀ ਦਾ ਪ੍ਰਤੀਕ ਬਣ ਜਾਂਦੀਆਂ ਹਨ । ਇਹਨਾਂ ਵਿਚ ਜਜ਼ਬਿਆਂ ਦੀ ਧੂਹ ਹੈ ਤੇ ਸਮਾਜੀ ਕਾਰਜ ਦਾ ਹੁੰਗਾਰਾ ।

ਪਰਦਰਸ਼ਨ ਸਮੇਂ ਮੈਂ ਕਾਲੂ, ਤ੍ਰਿਪਤਾ, ਨਾਨਕੀ ਤੇ ਸੁਲੱਖਣੀ ਦੇ ਪਾਤਰਾਂ ਦੀ ਥਾਂ ਉਹਨਾਂ ਦੇ ਉਪ-ਪਾਤਰ ਵਰਤੇ ਹਨ । ਦੋ ਪਰਧਾਰਨੀਆਂ ਤ੍ਰਿਪਤਾ, ਨਾਨਕੀ ਤੇ ਸੁਲੱਖਣੀ ਦੇ ਜਜ਼ਬਾਤ ਨੂੰ ਦਰਸਾਉਂਦੀਆਂ ਹਨ, ਤੇ ਰਬਾਬੀ ਗਾ ਕੇ ਕਾਰਜ ਦੀ ਤਿੱਖੀ ਗਤੀ ਨੂੰ ਅਗੇ ਤੋਰਦੇ ਹਨ ।

ਸਾਰਾ ਨਾਟਕ ਦੋ ਅੰਕਾਂ ਵਿਚ ਹੈ । ਸਮਾਂ ਤੇ ਅਸਥਾਨ ਲਗਾਤਾਰ ਬਦਲਦੇ ਹਨ । ਇਸ ਵਿਸ਼ਾਲ ਕਾਰਜ-ਲੀਲ੍ਹਾ ਤੇ ਕਾਲ-ਚੱਕਰ ਨੂੰ ਦਰਸਾਉਣ ਲਈ ਸਾਦਾ ਮੰਚ ਤੇ ਉਸ ਉੱਤੇ ਇਕ ਸਾਦਾ ਗੋਲ ਥੜ੍ਹਾ ਵਰਤਿਆ ਗਿਆ ਹੈ । ਕੋਈ ਨਿਸ਼ਚਿਤ ਥਾਂ ਨਾ ਉਸਾਰ ਕੇ ਮੈਂ ਇਸ ਗੋਲ ਥੜ੍ਹੇ ਨੂੰ ਹੀ ਸਰਬ-ਸਥਾਨੀ ਬਣਾ ਲਿਆ ।

ਦੋ ਨਟੀਆਂ ਮੰਚ ਸਾਮੱਗਰੀ ਲਿਆਉਂਦੀਆਂ ਤੇ ਨਾਟਕੀ ਲੋੜ ਮੁੱਕਣ ਪਿਛੋਂ ਚੁੱਕ ਕੇ ਲੈ ਜਾਂਦੀਆਂ ਹਨ । ਮੌਲਵੀ ਦਾਖ਼ਿਲ ਹੁੰਦਾ ਹੈ ਤਾਂ ਉਸ ਤੋਂ ਕੁਝ ਦੇਰ ਪਹਿਲਾਂ ਇਕ ਨਟੀ ਅਛੋਪਲੇ ਮੰਚ ਉੱਤੇ ਲੋਟਾ ਰਖ ਜਾਂਦੀ ਹੈ । ਮੌਲਵੀ ਵਜ਼ੂ ਕਰ ਚੁੱਕਦਾ ਹੈ ਤਾਂ ਉਹ ਲੋਟਾ ਲੈ ਜਾਂਦੀ ਹੈ । ਮਰਦਾਨਾ ਭੋਜਨ ਨਾਲ ਭਰੇ ਹੋਏ ਕੌਲੇ ਦੀ ਗੱਲ ਕਰਦਾ ਹੈ ਤਾਂ ਇਹ ਵੀ ਏਸੇ ਤਰ੍ਹਾਂ ਨਾਟਕੀ ਅਵਸਰ ਦੇ ਵਾਪਰਨ ਤੋਂ ਕੁਝ ਚਿਰ ਪਹਿਲਾਂ ਹੀ ਓਥੇ ਰਖਿਆ ਜਾਂਦਾ ਹੈ । ਨਟੀਆਂ ਅੱਖ ਦੇ ਫੋਰੇ ਵਿਚ ਮੰਚ-ਸਾਮੱਗਰੀ

ਰਖਦੀਆਂ ਤੇ ਚੁੱਕ ਕੇ ਲੈ ਜਾਂਦੀਆਂ ਹਨ । ਇਕ ਚੌਕੀ ਦੌਲਤ ਖ਼ਾਂ ਲੋਧੀ ਦਾ ਤਖ਼ਤ ਹੈ । ਇਹੋ ਚੌਕੀ ਮਲਿਕਾ ਨੂਰ ਸ਼ਾਹ ਦਾ ਸਿੰਘਾਸਣ ਹੈ । ਫਿਰ ਏਸੇ ਚੌਕੀ ਉੱਤੇ ਬੈਠ ਕੇ ਬਾਬਰ ਫ਼ਤਹਿ ਦਾ ਜਾਮ ਪੀਂਦਾ ਹੈ ।

ਇਸ ਨਾਟਕ ਵਿਚ ਸਮੂਹ-ਗਾਣ ਤੇ ਜਨ-ਸਮੂਹ ਹਨ । ਫ਼ਰਿਆਦੀਆਂ ਤੇ ਭਿਖਾਰੀਆਂ ਦਾ ਟੋਲਾ ਦਲਿਤ ਲੋਕਾਂ ਦੀ ਆਵਾਜ਼ ਬਣਦਾ ਹੈ । ਉਹਨਾਂ ਦੇ ਬੋਲਾਂ ਵਿਚ ਕੋੜਿਆਂ ਦੀਆਂ ਸਾਂਟਾਂ ਹਨ, ਹੌਕੇ ਹਨ, ਤੜਪਾਂ ਹਨ, ਤੇ ਆਸਾਂ ਹਨ । ਮੰਗਤਿਆਂ ਦੀ ਭੀੜ ਮੰਦਰਾਂ ਦੇ ਰਿਸ਼ਟ-ਪੁਸ਼ਟ ਪੁਜਾਰੀਆਂ ਤੇ. ਮਲਿਕ ਭਾਗੋ ਦੇ ਅੰਨ੍ਹੇ ਗ਼ਰੂਰ ਨੂੰ ਵਿੱਤ-ਸੁਝ ਦੇਂਦੀ ਹੈ ।

ਨਾਟਕ ਨੂੰ ਮੈਂ ਦੋ ਮਹੀਨੇ ਦੀਆਂ ਰੀਹਰਸਲਾਂ ਵਿਚ ਸੋਧਿਆ । ਐਕਟਰਾਂ ਤੇ ਐਕਟਰਸਾਂ ਨੇ ਕਈ ਬਹੁ-ਮੁੱਲੇ ਸੁਝਾਉ ਦਿਤੇ । ਮੈਂ ਉਹਨਾਂ ਦਾ ਰਿਣੀ ਹਾਂ ।

ਇਸ ਨਾਟਕ ਲਿਖਣ ਦੇ ਵਿਚ ਮੈਂ ਬਹੁਤ ਸਾਰੇ ਲੋਕਾਂ ਦਾ ਸ਼ੁਕਰ ਗੁਜ਼ਾਰ ਹਾਂ । ਸੁਲਤਾਨਪੁਰ ਲੋਧੀ ਦੇ ਬੇਰ ਸਾਹਿਬ ਗੁਰਦੁਆਰੇ ਦੇ ਗਰੰਥੀ ਭਾਈ ਊਧਮ ਸਿੰਘ, ਤੇ ਓਥੋਂ ਦੇ ਸਰਦਾਰ ਹੀਰਾ ਸਿੰਘ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਸਥਾਨਕ ਜਾਣਕਾਰੀ ਦਿਤੀ । ਦੀਵਾਨ ਜਰਮਨੀ ਦਾਸ ਦੇ ਪੋਤੇ ਦੀਵਾਨ ਰਾਮ ਜੱਸ ਦੇ ਘਰੋਗੀ ਮਹਿਫ਼ੂਜ਼ਖਾਨੇ ਵਿਚੋਂ ਬਹੁ-ਮੁੱਲੇ ਹਾਲਾਤ ਮਿਲੇ । ਭਾਈ ਜੋਧ ਸਿੰਘ ਜੀ ਦੀ ਬਜ਼ੁਰਗ ਰਾਏ ਨੇ ਵੀ ਮੇਰੇ ਨਾਟਕ ਵਿਚ ਸ਼ਕਤੀ ਬਖ਼ਸ਼ੀ । ਪ੍ਰਿੰਸੀਪਲ ਪ੍ਰੀਤਮ ਸਿੰਘ ਨੇ ਜੋ

ਪੁਰਾਣੇ ਖਰੜਿਆਂ ਦਾ ਭੰਡਾਰ ਹੈ, ਹਰ ਕਦਮ ਉੱਤੇ ਮੇਰੀ ਸਹਾਇਤਾ ਕੀਤੀ । ਉਸ ਦੇ ਘਰੋਂ ਸਚਿੱਤ੍ਰ ਜਨਮ-ਸਾਖੀਆਂ ਤੇ ਹੱਥ-ਲਿਖਤਾਂ ਨੇ ਨਾਟਕ ਦੀ ਸ਼ੈਲੀ ਵਿਚ ਰੰਗ ਭਰਿਆ । ਡਾ: ਦਰਸ਼ਨ ਸਿੰਘ ਨੇ ਬਾਣੀ ਦੇ ਸ਼ਬਦਾਂ ਨੂੰ ਸਮਝਣ ਤੇ ਸਹੀ ਉਚਾਰਨ ਵਿਚ ਮਦਦ ਦਿਤੀ । ਸ਼ਿਵਕੁਮਾਰ ਬਟਾਲਵੀ ਨੇ ਦਿਨ ਤੇ ਰਾਤ ਮੇਰਾ ਸਾਥ ਦਿਤਾ । ਉਸ ਦੇ ਰਚੇ ਤਿੰਨ ਗੀਤਾਂ ਨੇ ਨਾਟਕ ਦੀ ਬਿਰਤਾਂਤਿਕ ਗਤੀ ਨੂੰ ਤਿੱਖਾ ਕੀਤਾ ਹੈ ।

ਮੈਂ ਸ਼੍ਰੀ ਸੂਰਜਭਾਨ ਵਾਈਸ ਚਾਂਸਲਰ ਪੰਜਾਬ ਯੂਨੀਵਰਸਿਟੀ ਦਾ ਖ਼ਾਸ ਤੌਰ ਪੁਰ ਰਿਣੀ ਹਾਂ ਜਿਨ੍ਹਾਂ ਹਰ ਪੜਾਅ ਉੱਤੇ ਉਤਸਾਹ ਦਿਤਾ । ਉਹਨਾਂ ਨੇ ਸਾਰੇ ਵਸੀਲੇ ਮੁਹੱਈਆ ਕੀਤੇ ਜਿਨ੍ਹਾਂ ਨਾਲ ਮੈਂ ਕਈ ਮਹੀਨੇ ਨਾਟਕ ਦੀਆਂ ਅਟੁੱਟ ਰੀਹਰਸਲਾਂ ਕਰ ਸਕਿਆ ਤੇ ਨਵੀਆਂ ਨਾਟਿ-ਵਿਧੀਆਂ ਨੂੰ ਆਪਣੀ ਰਚਨਾ ਵਿਚ ਪਰੋ ਸਕਿਆ ।

ਇਸ ਨਾਟਕ ਦੇ ਲਿਖਣ ਵਿਚ ਮੈਨੂੰ ਬਹੁਤ ਆਨੰਦ ਆਇਆ । ਮੇਰੇ ਲਈ ਇਹ ਸਿਰਫ਼ ਵਿਸ਼ਾ-ਖੋਜ ਹੀ ਨਹੀਂ ਸੀ ਸਗੋਂ ਰੂਪ-ਖੋਜ ਸੀ ।

ਪੰਜਾਬ ਯੂਨੀਵਰਸਿਟੀ
ਚੰਡੀਗੜ੍ਹ

ਬਲਵੰਤ ਗਾਰਗੀ

# ਗਗਨ ਮੈ ਥਾਲੁ



## ਮੁੱਖ ਪਾਤਰ :

ਰਬਾਬੀਆਂ ਦਾ ਟੋਲਾ
ਨਟੀ
ਸੂਤਰਧਾਰ
ਬ੍ਰਾਹਮਣ
ਮੌਲਵੀ
ਕਾਲੂ
ਤ੍ਰਿਪਤਾ
ਨਾਨਕੀ
ਸੁਲੱਖਣੀ

ਦੌਲਤ ਖ਼ਾਨ ਲੋਧੀ
ਦੀਵਾਨ ਜਾਦਵ ਰਾਇ
ਜੈਰਾਮ
ਅਕਰਮ ਖ਼ਾਨ
ਦਿਲਾਵਰ ਖ਼ਾਨ
ਗ਼ਾਜ਼ੀ ਖ਼ਾਨ

ਮਰਦਾਨਾ
ਸੱਜਣ ਠੱਗ
ਜਾਗੀਰਦਾਰ
ਮਲਿਕਾ ਨੂਰਸ਼ਾਹ
ਮਲਿਕ ਭਾਗੋ

ਜ਼ਹੀਰਉੱਦੀਨ ਮੁਹੰਮਦ ਬਾਬਰ
ਕੋਕਲਤਾਸ਼ ਖ਼ਾਨ
ਦਰਵੇਸ਼ ਮੁਹੰਮਦ ਸਾਰਬਾਂ
ਅਲੀ ਕੁਲੀ ਖ਼ਾਨ
ਏਲਚੀ ਮੁੱਲਾ ਅਹਿਮਦ

ਦਰਬਾਰੀ, ਕਿਰਸਾਨ, ਮੰਗਤੇ, ਸਿਪਾਹੀ,
ਬਾਂਦੀਆਂ, ਦੁਆਰ-ਪਾਲਿਕਾਵਾਂ, ਪੁਜਾਰੀ,
ਸਿੱਧ, ਤੀਵੀਆਂ, ਆਦਿ ।

# ਗਗਨ ਮੈ ਥਾਲੁ

## ਦ੍ਰਿਸ਼ ਪਹਿਲਾ

ਦੋ ਆਦਮੀ ਇਕ ਨਿੱਕਾ ਰਾਂਗਲਾ ਪਰਦਾ ਫੜੀ ਖੜੇ ਹਨ ਜਿਸ ਉਤੇ ਗੁਰੂ ਨਾਨਕ ਦੀ ਪਰੰਪਰਾਗਤ ਮੂਰਤ ਚਿਤਰੀ ਹੋਈ ਹੈ। ਚਾਰ ਰਬਾਬੀ ਦਰਸ਼ਕਾਂ ਦੀ ਭੀੜ ਵਿਚੋਂ ਦੀ ਬਾਣੀ ਗਾਉਂਦੇ ਹੋਏ ਪ੍ਰਵੇਸ਼ ਕਰਦੇ ਹਨ।

ਗੀਤ : ਕਲਿਜੁਗ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ।

(ਸੂਤਰਧਾਰ ਤੇ ਨਟੀ ਪ੍ਰਵੇਸ਼ ਕਰਦੇ ਹਨ।)

ਨਟੀ : ਤੁਸੀਂ ਕੌਣ ਹੁੰਦੇ ਹੋ ?

ਮੁਖੀਆ : ਰਬਾਬੀ। ਭਾਈ ਮਰਦਾਨੇ ਦੀ ਔਲਾਦ। ਸੋਚਿਆ ਜਦੋਂ ਦੇ ਅਸੀਂ ਪਾਕਿਸਾਤਨ ਚਲੇ ਗਏ, ਏਥੋਂ ਦੇ ਲੋਕ ਗੁਰੂ ਦੀ ਬਾਣੀ ਨੂੰ ਪੜ੍ਹਨਾ ਤਾਂ ਸਿੱਖ ਗਏ ਹਨ, ਪਰ ਗਾਉਣਾ ਭੁੱਲ ਗਏ।

ਨਟੀ : ਤੁਸੀਂ ਕਿੱਥੋਂ ਆਏ ਹੋ ?

ਮੁਖੀਆ : ਨਾਨਕਾਣਾ ਸਾਹਿਬ ਤਲਵੰਡੀ ਤੋਂ। ਅਸੀਂ ਉਹਨਾਂ ਦੀ ਬਾਣੀ ਦੇ ਰਸੀਏ ਹਾਂ। ਭਾਈ ਚਾਂਦ ਖ਼ਾਨ ਤੇ ਚਾਨਣ ਖ਼ਾਨ ਸਾਡੇ ਵਿਚੋਂ ਹੀ ਸਨ, ਜਿਨ੍ਹਾਂ ਦੀਆਂ ਉਮਰਾਂ ਹਰਿਮੰਦਰ ਸਾਹਿਬ ਵਿਚ ਰੱਬੀ ਬਾਣੀ ਨੂੰ ਗਾਉਂਦਿਆਂ ਲੰਘ ਗਈਆਂ। ਤੁਸੀਂ ਬਾਣੀ ਦੇ ਅਰਥ ਸਮਝਦੇ ਹੋ, ਅਸੀਂ, ਭਾਵ ਸਮਝਦੇ ਹਾਂ। ਅੱਜ ਅਸੀਂ ਆਪਣੇ ਵਿਛੜੇ ਵਤਨ ਵਿਚ ਤੁਹਾਡੇ ਕੋਲ ਏਸੇ ਲਈ ਆਏ ਹਾਂ ਕਿ ਗੁਰੂ ਦੀ ਬਾਣੀ ਨੂੰ ਫਿਰ ਲੋਕਾਂ ਤਕ ਪੁਚਾਈਏ।

ਸੂਤਰਧਾਰ : ਹਾਂ, ਹਾਂ, ਮੈਂ ਹੀ ਤਾਂ ਇਹਨਾਂ ਨੂੰ ਓਥੋਂ ਸੱਦਿਆ ਹੈ।

ਨਟੀ : ਪਰ ਤੂੰ ਮੇਰੇ ਨਾਲ ਤਾਂ ਕੋਈ ਗੱਲ ਨਹੀਂ ਕੀਤੀ। ਕਿਸ ਲਈ ਬੁਲਾਇਆ ਏ ਇਹਨਾਂ ਨੂੰ ?

ਸੂਤਰਧਾਰ : ਗੁਰੂ ਨਾਨਕ ਦੇ ਜੱਸ ਗਾਉਣ ਲਈ ਤੇ ਉਹਨਾਂ ਦੇ ਜੀਵਨ ਨੂੰ ਨਾਟਕ ਦੇ ਰੂਪ ਵਿਚ ਪੇਸ਼ ਕਰਨ ਲਈ ।

ਨਟੀ : ਨਾਂਹ, ਨਾਂਹ, ਇਹ ਨਾ ਕਰੀਂ । ਲੋਕ ਤੇਰਾ ਸਿਰ ਲਾਹ ਦੇਣਗੇ । ਤੈਨੂੰ ਪਤਾ ਨਹੀਂ ਕਿ ਬਾਬਾ ਨਾਨਕ ਪਰਮੇਸ਼ਰ ਦਾ ਰੂਪ ਸਨ...ਤੇ ਇਹ ਰੂਪ ਨਿਰਾਕਾਰ ਹੈ । ਇਸ ਨੂੰ ਮਨੁੱਖੀ ਚੋਲੇ ਵਿਚ ਕੋਈ ਵੀ ਪੇਸ਼ ਨਹੀਂ ਕਰ ਸਕਦਾ ।

ਸੂਤਰਧਾਰ : ਹੂੰ । (ਸਿਰ ਖੁਰਕ ਕੇ) ਇਹ ਤਾਂ ਠੀਕ ਆਖਦੀ ਹੈਂ । ਫਿਰ ਕੀ ਕਰੀਏ ? ਕੋਈ ਉਪਾਇ ਦੱਸ । ਮੈ ਤਾਂ ਸਾਰੇ ਲੋਕਾਂ ਨੂੰ ਸੱਦਾ ਦੇ ਚੁੱਕਾ ਹਾਂ । ਸੰਗਤਾਂ ਜੁੜੀਆਂ ਬੈਠੀਆਂ ਹਨ ! ਅਮੀਰ, ਵਜ਼ੀਰ, ਬੜੇ ਬੜੇ ਅਹੁਦੇਦਾਰ, ਪਟਵਾਰੀ, ਤਸੀਲਦਾਰ, ਨਾਈ, ਧੋਬੀ, ਛੀਂਬੇ, ਘੁਮਿਆਰ......

ਨਟੀ : ਤੇ ਮੋਟੇ ਮੋਟੇ ਢਿੱਡਾਂ ਵਾਲੇ ਪਟਿਆਲਾ ਸ਼ਾਹੀ ਸਰਦਾਰ ।

ਇਕ ਦਰਸ਼ਕ : ਰੀ, ਹਰਿਆਣਾ ਪੰਜਾਬ ਤੇ ਟੂਟ ਗਿਆ ਤੋ ਕੇ ਬਾਤ ਸੈ, ਹਮ ਤੋ ਧੁਰ ਰੁਹਤਕ ਤੇ ਚਲ ਕੈ ਤਮਾਸਾ ਦੇਖਣ ਆਏ ਸੈਂ !

(ਹਾਸਾ)

ਸੂਤਰਧਾਰ : ਹਾਂ ਸਾਰੇ ਹੀ ਆਏ ਬੈਠੇ ਹਨ । ਹੁਣ ਕੀ ਕਰੀਏ ?

(ਮਿੰਨਤ ਕਰਦਾ ਹੈ ।)

ਨਟੀ : ਦੱਸਾਂ ?

ਸੂਤਰਧਾਰ : ਹਾਂ ਦੱਸ !

ਨਟੀ : (ਕੰਨ ਵਿਚ) ਇਉਂ ਕਰ ।

ਸੂਤਰਧਾਰ : ਠੀਕ, ਠੀਕ, ਆ ਗਿਆ ਸਮਝ ਵਿਚ । ਜਦੋਂ ਭੀੜ ਪੈਂਦੀ ਹੈ ਤਾਂ ਆਦਮੀ ਨੂੰ ਤੀਵੀਂ ਦੀ ਹੀ ਸਲਾਹ ਲੈਣੀ ਪੈਂਦੀ ਹੈ । ਮੁਸ਼ਕਲ ਸਮੇਂ ਇਹ ਠੀਕ ਰਾਹ ਇਉਂ ਲੱਭ ਲੈਂਦੀ ਹੈ ਜਿਵੇਂ ਹਨੇਰੀ ਰਾਤ ਵਿਚ ਬਿੱਲੀ ਦੀਆਂ ਚਮਕਦੀਆਂ ਅੱਖਾਂ । (ਰਬਾਬੀਆਂ ਨੂੰ) ਤੁਸੀਂ ਗੁਰੂ ਦਾ ਧਿਆਨ ਧਰ ਕੇ ਬਾਣੀ ਗਾਓ, ਤੇ ਮੈਂ ਨਾਟਕ ਰਚਾਉਂਦਾ ਹਾਂ । ਕਿਥੇ ਹੈ ਨੇ ਮੇਰੇ ਕਲਾਕਾਰ ? ਕਿਥੇ ਹਨ ਮੇਰੇ ਐਕਟਰ ?

(ਐਕਟਰ ਤੇ ਐਕਟਰਸਾਂ ਮੁਕਟ-ਮਖੌਟੇ ਲਈ ਦੌੜਦੇ ਹੋਏ ਆਉਂਦੇ ਹਨ ।)

ਐਕਟਰ : ਹਾਜ਼ਿਰ ।

ਐਕਟਰਸਾਂ : ਅਸੀਂ ਤਿਆਰ ਹਾਂ ।

ਸੂਤਰਧਾਰ : ਤੁਸੀਂ ਘੁੰਗਰੂ ਬੰਨ੍ਹ ਲਏ ?
ਐਕਟਰਸਾਂ : ਹਾਂ।
ਸੂਤਰਧਾਰ : ਮਸ਼ਾਲਚੀਆਂ ਨੇ ਮਸ਼ਾਲਾਂ ਬਾਲ ਲਈਆਂ ?
ਨਟੀ : ਹਾਂ।
ਸੂਤਰਧਾਰ : ਸਾਜ਼ਿੰਦਿਆਂ ਨੇ ਸਾਜ਼ ਸੁਰ ਕਰ ਲਏ ?
ਨਟੀ : ਹਾਂ।
ਸੂਤਰਧਾਰ : ਐਕਟਰਾਂ ਨੇ ਮੁਕਟ-ਮੁਖੌਟੇ ਪਹਿਨ ਲਏ ?
ਨਟੀ : ਹਾਂ। ਹਾਂ। ਹਾਂ॥ ਉਹ ਸਭ ਤਿਆਰ ਹਨ, ਬੱਸ ਤੂੰ ਹੀ ਰਸਤਾ ਰੋਕੀ ਖੜਾ ਹੈਂ। ਚੱਲ ਚੱਲੀਏ।
ਸੂਤਰਧਾਰ : (ਰਬਾਬੀਆਂ ਨੂੰ) ਅੱਛਾ ਅਸੀਂ ਚਲਦੇ ਹਾਂ; ਤੁਸੀਂ ਸ਼ਬਦ ਸ਼ੁਰੂ ਕਰੋ।
ਰਬਾਬੀ : ਜੋ ਹੁਕਮ।

'ਕਲਿਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ।

(ਹਨੇਰਾ)

## ਦ੍ਰਿਸ਼ ਦੂਜਾ

ਆਕਾਸ਼-ਪਟ ਉਤੇ ਸਵੇਰ ਦੇ ਰੰਗ ਨਿੱਤਰਦੇ ਹਨ। ਮੰਦਰ ਦੀਆਂ ਘੰਟੀਆਂ ਤੇ ਬੰਸਰੀ ਦੀ ਆਵਾਜ਼। ਚਾਰ ਤੀਵੀਆਂ ਘੜੇ ਚੁੱਕੀ ਆਉਂਦੀਆਂ ਹਨ ਤੇ ਮੰਚ ਅਗੇਤਰ ਬੈਠ ਕੇ ਪਾਣੀ ਭਰਦੀਆਂ ਹਨ। ਤਿੰਨ ਕਿਰਸਾਨ ਹਲ ਚੁੱਕੀ ਖੇਤ ਨੂੰ ਜਾ ਰਹੇ ਹਨ। ਇਕ ਮਾਸ਼ਕੀ ਭਰੀ ਹੋਈ ਮਸ਼ਕ ਚੁੱਕੀ ਜਾ ਰਿਹਾ ਹੈ। ਤੀਵੀਆਂ ਸਬਜ਼ੀ ਦੇ ਟੋਕਰੇ ਚੁੱਕੀ ਲੰਘਦੀਆਂ ਹਨ।
ਬ੍ਰਾਹਮਣ ਦਾਖ਼ਲ ਹੁੰਦਾ ਹੈ।

ਬ੍ਰਾਹਮਣ : ਹਰੀ ਓਮ ਤੱਤ ਸੱਤ.........
ਪਹਿਲੀ ਤੀਵੀਂ : ਨੀ, ਤੜਕੇ ਤੜਕੇ ਬਾਹਮਣ ਮੱਥੇ ਲਗਿਆ ਏ, ਤੇ ਉਹ ਵੀ ਕਾਲਾ! ਰੱਬ ਸੁਖ ਰਖੇ।
ਦੂਜੀ ਤੀਵੀ : ਘਰ ਮੁੜਦੀ ਨੂੰ ਅੱਜ ਸੱਸ ਨੇ ਚੱਕੀ ਪੀਹਣ ਲਾ ਦੇਣਾ ਏ। ਇਕ ਦਿਨ

ਪਟਵਾਰੀਆਂ ਦੇ ਘਰੋਂ ਲੱਸੀ ਲਈ ਆਉਂਦੀ ਨੂੰ ਇਹੋ ਸੂਰਜਮੁਖੀ ਮੱਥੇ ਲਗਿਆ ਸੀ ਤਾਂ ਸਾਰਾ ਦਿਨ ਘਰ 'ਚ ਕਲੇਸ਼ ਰਿਹਾ।

ਤੀਜੀ ਤੀਵੀਂ : ਚੱਲ ਝੂਠੀ ! ਏਸੇ ਪੰਡਿਤ ਤੋਂ ਤੂੰ ਆਪਣੇ ਪੁੱਤ ਦਾ ਟੇਵਾ ਬਣਾਇਆ ਸੀ ਤੇ ਕਿਸਮਤ ਪੁੱਛਦੀ ਫਿਰਦੀ ਸੀ।

ਪਹਿਲੀ ਤੀਵੀਂ : ਜੇ ਪੰਡਤਾਂ ਦੀ ਪੱਤ੍ਰੀ ਵਿਚ ਕਿਸਮਤ ਲਿਖੀ ਹੁੰਦੀ ਤਾਂ ਕੋਈ ਪੁੱਤ ਵੀ ਮਾੜਾ ਨਾ ਨਿਕਲਦਾ। ਮਹਿਤਾ ਕਾਲੂ ਨੇ ਆਪਣੇ ਪੁੱਤ ਦੇ ਜੰਮਣ ਉਤੇ ਕਾਸ਼ੀ ਦੇ ਕਿਸੇ ਪਾਂਧੇ ਤੋਂ ਅਠਾਰਾਂ ਹੱਥ ਦਾ ਲੰਮਾ ਟੇਵਾ ਬਣਵਾਇਆ। ਦੁੱਧ ਵਰਗੇ ਚਿੱਟੇ ਰੁਪਈਏ, ਕੇਸਰ, ਤੇ ਚੌਲ ਦਾਨ ਕੀਤੇ। ਪਰ ਪੁੱਤ ਕੀ ਨਿਕਲਿਐ......ਨਿਰਾ ਵਿਹਲੜ।

ਬ੍ਰਾਹਮਣ : (ਮੂੰਹ ਵੱਟ ਕੇ) ਛੀ ਛੀ ! ਓਮ......ਸ਼ਿਵਾਏਨਮਹ ! ਜੈ ਜੈ ਜਲ ਕੀ ਧਾਰਾ, ਕ੍ਰਿਸ਼ਨ ਮੁਰਾਰਾ। ਹੇ ਸੂਰਜ ਦੇਵ, ਹਮਾਰੀ ਓਰ ਭੀ ਦੇਖ। ਖੜਾ ਹੈ ਭਗਤ ਤੁਮਾਰ੍ਹਾ, ਲੇ ਕੇ ਜਲ ਕੀ ਧਾਰਾ !

(ਪਾਣੀ ਦੀ ਚੁਲੀ ਲੈ ਕੇ ਇਕ ਟੰਗ ਦੇ ਭਾਰ ਖੜਾ ਹੋ ਜਾਂਦਾ ਹੈ। ਅੱਖਾਂ ਮੀਟ ਕੇ ਤੇ ਇਕ ਨਾਸ ਬੰਦ ਕਰਕੇ, ਨੱਕ, ਅੱਖਾਂ ਤੇ ਕੰਨਾਂ ਦੀਆਂ ਤੁਰੀਆਂ ਨੂੰ ਜਲ ਦਾ ਛਿੱਟਾ ਦੇਂਦਾ ਹੈ। ਤੀਵੀਂਆਂ ਘੜੇ ਚੁੱਕ ਕੇ ਤੁਰਦੀਆਂ ਹਨ। ਬ੍ਰਾਹਮਣ ਤਿਊੜੀ ਚੜ੍ਹਾ ਕੇ ਜਨੇਊ ਕੰਨ ਉਤੇ ਟੰਗ ਲੈਂਦਾ ਹੈ।)

ਉਂਹ ! ਤੀਵੀਂਆਂ ਦੀ ਮੱਤ ਗੁੱਤ ਦੇ ਪਿਛੇ ਹੁੰਦੀ ਐ। ਕਾਲੂ ਦੇ ਪੁੱਤ ਦਾ ਟੇਵਾ ਮੈਂ ਬਣਾਇਆ, ਜਨਮ-ਪੱਤ੍ਰੀ ਦੀ ਕੁੰਡਲੀ ਮੈਂ ਤਿਆਰ ਕੀਤੀ ਤੇ ਆਖਦੀਆਂ ਨੇ ਕਾਸ਼ੀ ਦਾ ਕੋਈ ਪੰਡਿਤ ਸੀ।......ਮੂਰਖ ! ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ। ਜੋ ਕੁਝ ਮੈਂ ਕੁੰਡਲੀ ਵਿਚ ਲਿਖਿਐ, ਜੇ ਨਾ ਠੀਕ ਨਿਕਲੇ ਤਾਂ ਮੈਨੂੰ ਸ਼ੁਕਲ ਪੰਡਿਤ ਨਾ ਆਖੀਓ ਨੀਚ ਜਾਤੀ ਦਾ ਚੰਡਾਲ ਆਖੀਓ। ਓਮ-ਸ਼ਿਵਾਏਨਮਹ।

(ਅੰਜਲੀ ਲੈ ਕੇ ਸੂਰਜ ਨੂੰ ਅਰਘ ਚੜ੍ਹਾਉਂਦਾ ਹੈ। ਦੂਜੇ ਪਾਸਿਓਂ ਮੌਲਵੀ ਦਾਖ਼ਿਲ ਹੁੰਦਾ ਹੈ। ਉਸ ਦੀ ਬਗ਼ਲ ਹੇਠ ਮੁਸੱਲਾ ਤੇ ਹੱਥ ਵਿਚ ਲੋਟਾ ਹੈ। ਪਿੱਛੇ ਪੱਟ-ਭੂਮੀ ਦੇ ਪਰਦੇ ਉਤੇ ਮਸਜਿਦ ਦਾ ਗੁੰਬਦ ਤੇ ਮੀਨਾਰ ਉਭਰਦੇ ਹਨ। ਅਜ਼ਾਨ ਦੀ ਆਵਾਜ਼ ਸੁਣਾਈ ਦੇਂਦੀ ਹੈ। ਮੌਲਵੀ ਮੁਸੱਲਾ ਵਿਛਾ ਕੇ ਵੁਜ਼ੂ ਕਰਦਾ ਹੈ।

ਉਹ ਨਮਾਜ਼ ਪੜ੍ਹਦਾ ਹੈ। ਨਮਾਜ਼ ਪੜ੍ਹ ਕੇ ਮੁਸੱਲਾ ਪੰਡਤ ਵਲ ਝਾੜਦਾ ਹੈ ਤੇ ਇਸ ਨੂੰ ਇਕੱਠਾ ਕਰ ਕੇ ਬਗਲ ਵਿਚ ਲੈ ਲੈਂਦਾ ਹੈ।

ਬ੍ਰਾਹਮਣ ਸੂਰਜ ਨੂੰ ਮੱਥਾ ਟੇਕ ਕੇ ਬੋਦੀ ਨੂੰ ਗੰਢ ਦੇਂਦਾ ਹੈ ਤੇ ਜਨੇਊ ਕੰਨ ਤੋਂ ਲਾਹੁੰਦਾ ਹੈ। ਉਹ ਮੌਲਵੀ ਨੂੰ ਦੇਖ ਕੇ ਨੱਕ ਚੜ੍ਹਾਉਂਦਾ ਹੈ।

ਦੋਵੇਂ ਪ੍ਰਾਰਥਨਾ ਤੇ ਨਮਾਜ਼ ਤੋਂ ਵਿਹਲੇ ਹੋ ਕੇ ਇਕ ਦੂਜੇ ਵਲ ਵਧਦੇ ਹਨ ਤੇ ਖਿੜੇ ਮੱਥੇ ਮਿਲਦੇ ਹਨ।)

ਮੌਲਵੀ : ਪੂਜਾ-ਪਾਠ ਕਰ ਚੁਕੇ, ਪੰਡਿਤ ਜੀ ?

ਬ੍ਰਾਹਮਣ : ਪੂਜਾ-ਪਾਠ ਕਾਹਦਾ ? ਸੂਰਜ ਨੂੰ ਅਰਘ ਚੜ੍ਹਾਉਣ ਲਈ ਸ਼ੁੱਧ ਜਲ ਦੀ ਚੂਲੀ ਵੀ ਨਹੀਂ ਮਿਲਦੀ। ਤੀਵੀਂਆਂ ਪਾਣੀ ਭਰਨ ਆਉਂਦੀਆਂ ਨੇ ਤਾਂ ਚੁਗਲੀਆਂ ਤੋਂ ਸਵਾਇ ਕੋਈ ਗੱਲ ਈ ਨਹੀਂ। ਮੂੰਹ ਵੀ ਜੂਠਾ ਤੇ ਜਲ ਵੀ ਜੂਠਾ !

ਮੌਲਵੀ : ਮਸੀਤ ਵਿਚ ਵੀ ਨਮਾਜ਼ੀਆਂ ਦੀ ਥਾਂ ਜੁੱਤੀ-ਚੋਰ ਵਧੇਰੇ ਆਉਂਦੇ ਨੇ। ਅੱਲਾ ਦੇ ਘਰ ਆ ਕੇ ਵੀ ਚੋਰੀ।

ਬ੍ਰਾਹਮਣ : ਹਰੇ ਰਾਮ, ਹਰੇ ਰਾਮ। ਧਰਮ ਕਰਮ ਦਾ ਕੋਈ ਕੰਮ ਈ ਨਹੀਂ ਰਿਹਾ। ਪਾਂਧਿਆਂ, ਪੰਡਿਤਾਂ ਦਾ ਦਿਨੋ ਦਿਨ ਮਾਨ ਘਟਦਾ ਜਾ ਰਿਹਾ ਏ। ਕਲਜੁਗ ਆ ਗਿਆ। ਸ਼ਿਵ ਸ਼ੰਭੂ।

ਮੌਲਵੀ : ਕਿਧਰ ਦੀ ਤਿਆਰੀ ਐ ?

ਬ੍ਰਾਹਮਣ : ਆਪਣੇ ਜਜਮਾਨ ਕਾਲੂ ਮਹਿਤਾ ਦੇ ਘਰ ਚਲਿਆ ਹਾਂ। ਉਹਨਾਂ ਨੇ ਕੋਈ ਪੁੱਛ ਪੁੱਛਣੀ ਹੋਵੇਗੀ। ਉਸ ਦੇ ਪੁੱਤ੍ਰ ਨੇ ਸਾਰੇ ਟੱਬਰ ਨੂੰ ਤੰਗ ਕਰ ਰਖਿਆ ਏ। ਉਸ ਦੀ ਕੁੰਡਲੀ ਮੈਂ ਬਣਾਈ ਸੀ। ਪੂਰਨਿਮਾ ਦਾ ਚੰਦ, ਅੰਮ੍ਰਿਤ ਵੇਲਾ, ਪਹਿਰ ਰਾਤ ਰਹਿੰਦੀ ਸੀ। ਕੁੰਡਲੀ ਬਣਾਈ, ਪਰ ਰਾਹੂ ਕੇਤੂ ਦੇ ਦੋ ਘਰਾਂ ਨੂੰ ਕੁਝ ਦਾਨ-ਪੁੰਨ ਨਹੀਂ ਸੀ ਕੀਤਾ। ਬੱਸ ਓਸ ਦੀ ਹੀ ਕ੍ਰੋਪੀ ਹੈ। ਸ਼ਿਵ ਸ਼ੰਭੂ, ਸ਼ਿਵ ਸ਼ੰਭੂ।

ਮੌਲਵੀ : ਮੈਂ ਵੀ ਮਸੀਤੇ ਚਲਦਾਂ। ਅੱਜ ਬਕਰੀਦ ਦੀ ਵਡੀ ਨਮਾਜ਼ ਹੈ। ਰਮਜ਼ਾਨ ਦਾ ਸਾਰਾ ਮਹੀਨਾ ਸਹਿਰੀ ਖਾਂਦੇ ਖਾਂਦੇ ਅੱਕ ਗਿਆ ਹਾਂ। ਅੱਜ ਅੱਲਾਹ ਦੇ ਫ਼ਜ਼ਲ ਨਾਲ ਆਪਣੀ ਬੇਗਮ ਦੇ ਹੱਥ ਦਾ ਪੱਕਿਆ ਦੁੰਬੇ ਦਾ ਰੜ੍ਹਿਆ ਗੋਸ਼ਤ ਖਾਣਾ ਨਸੀਬ ਹੋਵੇਗਾ।

(ਮੌਲਵੀ ਚਲਾ ਜਾਂਦਾ ਹੈ।)

ਬ੍ਰਾਹਮਣ : ਸ਼ਿਵ ਸ਼ੰਭੂ । ਜੀਵ ਹੱਤਿਆ ਕਰ ਕੇ ਰੋਜ਼ਾ ਖੋਹਲਣਾ ਕਿੱਥੋਂ ਦਾ ਧਰਮ ਹੋਇਆ ? (ਨੱਕ ਵੱਟਦਾ ਹੈ) ਮੂੰਹ ਦਾ ਸੁਆਦ ਖ਼ਰਾਬ ਹੋ ਗਿਆ । ਜਲ ਦੀ ਚੂਲੀ ਕਰਾਂ ਤੇ ਮੂੰਹ ਨੂੰ ਸ਼ੁਧ ਕਰਾਂ । ਸ਼ਿਵ ਸ਼ੰਭੂ !

( ਹਨੇਰਾ )

## ਦ੍ਰਿਸ਼ ਤੀਜਾ

(ਮਹਿਤਾ ਕਾਲੂ ਬੈਠਾ ਲੇਖਾ ਕਰ ਰਿਹਾ ਹੈ। ਮਾਤਾ ਤ੍ਰਿਪਤਾ ਦਾਖ਼ਿਲ ਹੁੰਦੀ ਹੈ ।)

ਤ੍ਰਿਪਤਾ : ਇਹਨਾਂ ਕਾਗਜ਼ਾਂ ਦੇ ਹਿਸਾਬ ਕਿਤਾਬ 'ਚੋਂ ਨਿਕਲੋ ਤੇ ਕੁੜੀ ਦੇ ਸੁਲਤਾਨਪੁਰ ਜਾਣ ਦਾ ਪ੍ਰਬੰਧ ਕਰੋ ।

ਕਾਲੂ : ਸੁਲਤਾਨਪੁਰ ਤੋਂ ਕੋਈ ਲੈਣ ਆਇਐ ?

ਤ੍ਰਿਪਤਾ : ਜੈਰਾਮ ਹੋਰਾਂ ਨੂੰ ਤਾਂ ਵਿਹਲ ਨਹੀਂ । ਅੱਜ ਕੱਲ ਮਾਮਲੇ-ਪੱਤੇ ਦਾ ਵੇਲਾ ਏ । ਨਵਾਬ ਲੋਧੀ ਨੇ ਛੁੱਟੀ ਨਹੀਂ ਦਿਤੀ । ਜੈ ਰਾਮ ਨੇ ਅਖਵਾ ਭੇਜਿਆ ਇ ਕਿ ਨਾਨਕੀ ਨੂੰ ਪਾਂਧੇ ਨਾਲ ਹੀ ਤੋਰ ਦਿਓ ।

ਕਾਲੂ : ਪਾਂਧਾ ਕਿਤੇ ਪਰਤੇ ਤਾਂ ਹੀ ਭੇਜਣ ਦਾ ਕੁਝ ਪ੍ਰਬੰਧ ਕਰਾਂ । ਅੱਜ ਕੱਲ੍ਹ ਸ਼ਗਨਾਂ ਦੇ ਦਿਨ ਹਨ । ਰੋਜ਼ ਨਿਉਂਦੇ । ਮੈਂ ਉਸ ਨੂੰ ਕਿਸੇ ਹੋਰ ਕੰਮ ਲਈ ਸੁਨੇਹਾ ਤਾਂ ਘੱਲਿਆ ਹੈ ।

(ਦੋ ਜੱਟ ਦਾਖ਼ਿਲ ਹੁੰਦੇ ਹਨ ।)

ਪਹਿਲਾ ਜੱਟ : ਜੈ ਰਾਮ ਜੀ ਕੀ, ਮਹਿਤਾ ਜੀ ! ਤੁਹਾਡੇ ਪੁੱਤ ਨੇ ਫੇਰ ਚੰਨ ਚਾੜ੍ਹ ਦਿਤਾ । ਕੱਲ੍ਹ ਦੀ ਉਹਦੀ ਕਰਤੂਤ ਸੁਣੀ ਜੇ ?

ਕਾਲੂ : ਕੀ ਹੋਇਐ ?

ਜੱਟ : ਘਰੋਂ ਡੰਗਰ ਚਾਰਨ ਗਿਆ । ਆਪ ਬੁੱਢੇ ਪਿੱਪਲ ਹੇਠ ਲੰਮੀ ਤਾਣ ਕੇ ਸੌਂ ਰਿਹਾ ਤੇ ਗਾਈਆਂ ਮੱਝਾਂ ਨੇ ਮੇਰੇ ਖੇਤ ਦਾ ਉਜਾੜਾ ਕਰ ਦਿਤਾ । ਪੰਦਰਾਂ ਦਿਨ ਜਾਨ ਮਾਰ ਕੇ ਫ਼ਸਲ ਬੀਜੀ ਸੀ, ਤੇ ਉਹਨਾਂ ਨੇ ਸਾਰੀ ਦਾ ਸੱਤਿਆ ਨਾਸ ਕਰ ਦਿਤਾ ! ਹਣ ਕਿੱਥੋਂ ਮਾਮਲੇ ਤਾਰਾਂਗੇ ਤੇ ਕਿੱਥੋਂ ਖਾਵਾਂਗੇ ?

ਤ੍ਰਿਪਤਾ : ਡੰਗਰ ਸਾਡੇ ਸਨ ਕਿ ਕਿਸੇ ਹੋਰ ਦੇ ?

ਦੂਜਾ ਜੱਟ : ਅਸੀਂ ਭਲਾ ਤੁਹਾਡੇ ਮਾਲ-ਢਾਂਡੇ ਨੂੰ ਭੁੱਲੇ ਹੋਏ ਆਂ ! ਮੈਂ ਈ ਤਾਂ ਸੈਦਪੁਰੀਆਂ ਤੋਂ ਪਿਛਲੇ ਸਾਲ ਮੱਝ ਦਾ ਸੌਦਾ ਕਰਾਇਆ ਸੀ...... ਪੰਜ ਕਲਿਆਣੀ, ਧੋਤੇ ਖੁਰਾਂ ਵਾਲੀ। ਆਪਣੇ ਪੁੱਤ ਨੂੰ ਸਮਝਾ ਲਓ। ਨਹੀਂ ਤਾਂ ਹਰਖਿਆ ਜੱਟ ਬੁਰਾ !

(ਦੋਵੇਂ ਚਲੇ ਜਾਂਦੇ ਹਨ।)

ਪਹਿਲਾ ਜੱਟ : ਤੁਹਾਡਾ ਬਥੇਰਾ ਲਿਹਾਜ਼ ਕੀਤੇ ਪਟਵਾਰੀ ਜੀ ! ਪਰ ਜੇ ਜੱਟ ਦਾ ਖੇਤ ਉਜੜ ਜਾਏ ਤਾਂ ਪੁੱਤ ਮਰਨ ਦੇ ਬਰਾਬਰ ਹੁੰਦੈ।

ਕਾਲੂ : ਮੈਨੂੰ ਆਪਣੇ ਇਸ ਪੁੱਤ ਦਾ ਜੰਮਦੇ ਤੋਂ ਈ ਸੰਸਾ ਲੱਗਿਆ ਰਿਹੈ। ਕੋਈ ਕੰਮ ਠੀਕ ਨਹੀਂ ਕਰਦਾ। ਹਰ ਇਕ ਦਾ ਉਲਾਂਭਾ।

ਤ੍ਰਿਪਤਾ : ਮੇਰਾ ਪੁੰਨਿਆਂ ਦਾ ਚੰਨ, ਪਰ ਇਹਨਾਂ ਨੂੰ ਉਸ ਵਿਚ ਸਿਰਫ਼ ਦਾਗ਼ ਹੀ ਨਜ਼ਰ ਆਉਂਦੇ ਹਨ। ਜਦੋਂ ਉਹ ਮੇਰੀ ਕੁੱਖ ਵਿਚ ਸੀ ਤਾਂ ਮੈਨੂੰ ਇਵੇਂ ਲਗਦਾ ਜਿਵੇਂ ਦੂਧਾ ਚਾਨਣੀ ਅੱਧੀ ਰਾਤੀਂ ਟੋਭੇ ਵਿਚ ਉਤਰ ਆਈ ਹੋਵੇ। ਜਿਵੇਂ ਅੰਬਰ ਦੇ ਸਾਰੇ ਤਾਰੇ ਮੇਰੀ ਬੁੱਕਲ ਵਿਚ ਆ ਡਿੱਗੇ ਹੋਣ। ਚੇਤਰ ਦੀ ਰੁੱਤ ਮੇਰੇ ਅੰਦਰ ਝੂਲਦੀ ਸੀ। ਸੱਚ ਦੀ ਸੁੱਚੀ ਪੌਣ ਮੇਰੇ ਅੰਗਾਂ ਵਿਚ ਰੁਮਕ ਰਹੀ ਸੀ, ਤੇ ਇਹ ਆਏ ਨੇ ਉਲਾਂਭਾ ਦੇਣ।

ਕਾਲੂ : ਤੇਰੇ ਲਾਡਾਂ ਨੇ ਉਸ ਨੂੰ ਚਮ੍ਹਲਾ ਰਖਿਆ ਹੈ। ਉਸ ਨੇ ਮੇਰੇ ਨਾਂ ਨੂੰ ਕਲੰਕ ਲਾ ਦਿਤਾ।

(ਬ੍ਰਾਹਮਣ ਦਾਖ਼ਿਲ ਹੁੰਦਾ ਹੈ।)

ਬ੍ਰਾਹਮਣ : ਸ਼ਿਵ ਸ਼ੰਭੂ ! ਕਿਸ ਨੇ ਕਲੰਕ ਲਾ ਦਿਤਾ ਚੰਨ ਵਰਗੇ ਘਰਾਣੇ ਨੂੰ ?

ਕਾਲੂ : ਨਾਨਕ ਨੇ ਮੈਨੂੰ ਪਰੇਸ਼ਾਨ ਕਰ ਦਿਤਾ ਹੈ।

ਬ੍ਰਾਹਮਣ : ਭਾਈ ਕਾਲੂ, ਆਪਣੇ ਪੁੱਤ ਨੂੰ ਕਿਸੇ ਆਹਰ ਲਾਓ ! ਮੈਂ ਉਸ ਨੂੰ ਤੇਰੇ ਕਹਿਣ ਉਤੇ ਪੜ੍ਹਾਇਆ। ਪੱਟੀ ਲਿਖ ਦਿਤੀ। ਪੈਂਤੀ ਅੱਖਰਾਂ ਦੀ ਮੁਹਾਰਨੀ...... ਪਰ ਉਸ ਕੀ ਪੜ੍ਹਨਾ ਸੀ। ਮੈਂ ਪੁੱਛਿਆ ਨਾਨਕ ਤੂੰ ਪੜ੍ਹਦਾ ਕਿਉਂ ਨਹੀਂ ? ਮੈਨੂੰ ਆਖਣ ਲੱਗਾ "ਤੂੰ ਕਿੰਨਾਂ ਪੜ੍ਹਿਆ ਹੈਂ ?" ਮੈਂ ਆਖਿਆ — "ਸਭ ਕੁਝ ਪੜ੍ਹਿਆ ਹਾਂ...... ਵੇਦ-ਸ਼ਾਸਤਰ, ਜਮ੍ਹਾਂ ਖ਼ਰਚ, ਖਾਤਾ-ਲੇਖਾ।" ਅੱਗੋਂ ਮੈਨੂੰ ਕਹਿਣ ਲੱਗਾ ਇਹਨਾਂ ਚੀਜ਼ਾਂ ਦੇ

ਪੜ੍ਹਨ ਨਾਲ ਗਲ 'ਚ ਫਾਹਾ ਪੈਂਦਾ ਹੈ । ਇਹ ਸਭ ਝੂਠ ਹੈ। ਕਹਿਣ ਲੱਗਾ ਦੀਵੇ ਦੀ ਸਿਆਹੀ, ਸਣ ਦਾ ਕਾਗ਼ਜ਼, ਕਾਨੇ ਦੀ ਕਲਮ, ਤੇ ਮਨ ਵਿਚ ਜੋ ਆਇਆ ਲਿਖ ਮਾਰਿਆ...... ਇਹ ਸਭ ਜੰਜਾਲ ਹੈ । ਜੇ ਅਸਲੀ ਪੜ੍ਹਨਾ ਏਂ ਤਾਂ ਸੁਣ ; "ਮਾਇਆ-ਮੋਹ ਨੂੰ ਜਲਾ ਕੇ ਇਹਦੀ ਸਿਆਹੀ ਬਣਾ, ਤਪੱਸਿਆ ਦਾ ਕਾਗ਼ਜ਼, ਰੱਬੀ ਪ੍ਰੇਮ ਦੀ ਕਲਮ, ਤੇ ਚਿਤ ਨੂੰ ਲਿਖਣਹਾਰ ਬਣਾ ! ਫੇਰ ਲਿਖ ਪਰਮੇਸ਼ਰ ਦਾ ਨਾਮ।" ਉਹ ਪੜ੍ਹਨ ਕੀ ਆਇਆ ਮੈਨੂੰ ਪੜ੍ਹਾਉਣ ਲਗ ਪਿਆ । ਸ਼ਿਵ ਸ਼ੰਭੂ ! ਸ਼ਿਵ ਸ਼ੰਭੂ !

ਕਾਲੂ : ਮੈਂ ਨਾਨਕ ਨੂੰ ਚੂਹੜਕਾਣੇ ਦੀ ਮੰਡੀ ਭੇਜਿਐ । ਵੀਹ ਰੁਪਏ ਨਕਦ ਬਾਂਸਲੀ ਵਿਚ ਪਾ ਕੇ ਤੋਰਿਆ ਹੈ। ਮੰਡੀ ਵਿਚੋਂ ਉਸ ਨੂੰ ਆਟਾ, ਚੌਲ, ਤੇ ਗੁੜ ਲਿਆਉਣ ਲਈ ਆਖਿਆ ਹੈ । ਬੱਸ ਆਇਆ ਕਿ ਆਇਆ। ਮੈਂ ਉਸ ਨੂੰ ਏਥੇ ਹੱਟੀ ਖੁਲ੍ਹਵਾ ਦੇਣੀ ਐ । ਮੈਨੂੰ ਕਹਿੰਦਾ ਏ ਮੈਂ ਖੇਤੀ ਕਰਾਂਗਾ । ਮੈਂ ਆਖਿਆ, ਬੱਚਾ, ਤੂੰ ਹੱਟੀ ਬਹੁ । ਹੱਟੀ ਹੀ ਸਾਡੀ ਖੇਤੀ ਐ । ਪਰ ਉਹ ਨਾ ਮੰਨਿਆ । ਮੈਂ ਆਖਿਆ ਫੇਰ ਚਾਕਰੀ ਕਰ ਲੈ । ਨਵਾਬ ਦੌਲਤ ਖ਼ਾਨ ਦੇ ਮੋਦੀਖ਼ਾਨੇ ਵਿਚ ਜੈਰਾਮ ਵੱਡਾ ਦੀਵਾਨ ਏ । ਤੂੰ ਓਥੇ ਜਾ ਕੇ ਕੋਈ ਰੁਜ਼ਗਾਰ ਲੱਭ । ਜੇ ਤੂੰ ਇਸੇ ਤਰ੍ਹਾਂ ਵਿਹਲਾ ਫਿਰਦਾ ਰਿਹਾ ਤਾਂ ਲੋਕ ਆਖਣਗੇ ਕਾਲੂ ਦਾ ਪੁੱਤ ਫ਼ਕੀਰ ਹੋ ਗਿਆ । ਮੈਂ ਇਹ ਮਿਹਣੇ ਨਹੀਂ ਸਹਿ ਸਕਦਾ । ਹੱਟੀ ਤੇ ਬੈਠੇਗਾ ਤੇ ਆਪੇ ਦੁਨੀਆਂਦਾਰੀ ਸਿੱਖ ਜਾਏਗਾ । ਹੱਟੀ ਤੇ ਭੱਠੀ ਉਤੇ ਬੈਠਾ ਬੰਦਾ ਘਟ ਹੀ ਉਠਦਾ ਹੈ ।

ਬ੍ਰਾਹਮਣ : ਹੱਟੀ ਪਾਉਣੀ ਐ ਤਾਂ ਮਹੂਰਤ ਮੈਥੋਂ ਕਢਾਈਓ, ਨਹੀਂ ਤਾਂ ਝੁੱਗਾ ਚੌੜ ਹੋ ਜਾਵੇਗਾ । (ਉਂਗਲਾਂ ਉਤੇ ਗਿਣ ਕੇ) ਬ੍ਰਹਸਪਤ, ਛਨੀ, ਤੁਲਾ, ਮੇਖ, ਕੁੰਭ......... ਮੇਰੀ ਜਾਚੇ ਕੱਲ੍ਹ ਦਾ ਦਿਨ ਮੰਗਲਵਾਰ ਵਪਾਰ ਲਈ ਸੁਭ ਨਹੀਂ ।

(ਦੋ ਬੁੱਢੀਆਂ ਪ੍ਰਵੇਸ਼ ਕਰਦੀਆਂ ਹਨ ।)

ਪਹਿਲੀ ਬੁੱਢੀ : ਕਾਹਦੇ ਸੰਗ-ਸਿਆਪੇ ਰਹਿ ਗਏ ਨੇ । ਉਸ ਦਾ ਸਹੁਰਾ ਵਿਹੜੇ 'ਚ ਆਕੜਿਆ ਪਿਆ ਸੀ ਤੇ ਉਹ ਬ੍ਰਾਹਮਣ ਨੂੰ ਉਡੀਕਦੇ ਸਨ । ਸਿਆਪਾ ਕਰਨ ਬੈਠੀਆਂ ਤਾਂ ਵਿਚੋਂ ਦੀ ਕੁੱਤਾ ਲੰਘ ਗਿਆ । ਮੈਂ ਤਾਂ ਪੱਲਾ ਪਾ ਕੇ ਵਿਚੋਂ ਵਿਚ ਹੱਸਦੀ ਰਹੀ... ਹੀ...ਹੀ...ਹੀ...

ਦੂਜੀ ਬੁੱਢੀ : ਮੈਨੂੰ ਤਾਂ ਮੰਦਿਰ ਜਾਣ ਨਾਲੋਂ ਸੰਗ-ਸਿਆਪੇ ਜਾਣਾ ਕਿਤੇ ਚੰਗਾ ਲਗਦੈ । ਉਹ ਦੇਖੀ ਸੀ ਪਰਤਾਪੀ ? ਰੋਣਾ ਸੀ ਬੁੜ੍ਹੇ ਨੂੰ ਤੇ ਰੋਣ ਲਗ ਪਈ ਆਪਣੇ ਪੁੱਤ ਨੂੰ, ਮੇਰਾ ਤਾਂ ਢਿੱਡ ਹੱਸਦਾ ਸੀ...ਹੀ...ਹੀ...ਹੀ...

ਬ੍ਰਾਹਮਣ : ਸ਼ਿਵ ਸ਼ੰਭੂ ! ਖ਼ੈਰ-ਸੁੱਖ ਤਾਂ ਹੈ ? ਕਾਲੇ ਘਗਰੇ ਪਾਈ ਫਿਰਦੀਆਂ ਓ ।

ਦੂਜੀ ਬੁੱਢੀ : ਤੁਹਾਡੀ ਮਿਹਰ ਚਾਹੀਦੀ ਐ, ਪਾਂਧਾ ਜੀ । ਪਿੰਡ ਵਿਚ ਖ਼ੈਰ-ਸੁੱਖ ਈ ਏ । ਬੱਸ ਘਰਾਟ ਵਾਲਿਆਂ ਦਾ ਬੁੜ੍ਹਾ ਮਰ ਗਿਆ ਸੀ । ਆਖ਼ਿਰ ਉਸ ਮਰਨਾ ਈ ਸੀ । ਏਥੇ ਕਿਹੜਾ ਕਿਸੇ ਬੈਠੇ ਰਹਿਣੈਂ ਤੁਹਾਡੇ ਵਾਂਗ ।

ਕਾਲੂ : ਤੇਰਾ ਮੁੰਡਾ ਨਾਨਕ ਨਾਲ ਚੂਹੜਕਾਣੇ ਦੀ ਮੰਡੀ ਗਿਆ ਸੀ । ਪਰਤ ਆਇਐ ?

ਬੁੱਢੀ : ਹਾਂ, ਕਦੇ ਦਾ ।

ਕਾਲੂ : ਤਾਂ ਨਾਨਕ ਕਿਉਂ ਨਹੀਂ ਆਇਆ ?

ਬੁੱਢੀ : ਮੇਰਾ ਮੁੰਡਾ ਆਖਦਾ ਸੀ, ਦੋਹਾਂ ਨੇ ਸੌਦਾ-ਪੱਤਾ ਇਕੱਠਾ ਖ਼ਰੀਦਿਆ । ਦੋਹਾਂ ਨੇ ਛੱਟਾਂ ਲੱਦੀਆਂ ਤੇ ਘਰਾਂ ਨੂੰ ਤੁਰ ਪਏ । ਪਰ ਰਾਹ ਵਿਚ ਨਾਨਕ ਨੇ ਸੌਦਾ ਲੁਟਾ ਦਿਤਾ ਤੇ ਆਪ ਕਿਤੇ ਲੁਕ ਗਿਆ ।

ਕਾਲੂ : ਕਿਸ ਨੂੰ ਲੁਟਾ ਦਿਤਾ ?

ਬੁੱਢੀ : ਇਹ ਤਾਂ ਪਤਾ ਨਹੀਂ ।

ਕਾਲੂ : ਉਫ਼ ! ਏਸ ਔਲਾਦ ਦਾ ਕੀ ਕਰਾਂ ? ਭੇਜਿਆ ਸੀ ਸੌਦਾ ਕਰਨ ਤੇ ਨਫ਼ਾ ਖੱਟਣ ਤੇ ਇਹ ਘਰ ਲੁਟਾ ਆਇਆ । ਮੈਂ ਜਾਨਾਂ ਤੇ ਲਿਆਉਨਾਂ ਫੜ ਕੇ ਓਸ ਨੂੰ।

ਤ੍ਰਿਪਤਾ : ਲੋਹਾ-ਲਾਖ਼ਾ ਕਿਉਂ ਹੋ ਗਿਆ ਏਂ ? ਆਖ਼ਰ ਤਾਂ ਵੀਹ ਰੁਪਏ ਹੀ ਸਨ ।

(ਨਾਨਕੀ ਦਾਖ਼ਿਲ ਹੁੰਦੀ ਹੈ)

ਨਾਨਕੀ : ਮੇਰੇ ਵੀਰ ਨੂੰ ਕੁਝ ਨਾ ਆਖੀਓ ।

ਤ੍ਰਿਪਤਾ : ਇਹ ਨਾ ਹੋਵੇ ਕਿ ਕਿਤੇ ਮੁੰਡਾ ਡਰਦਾ ਮਾਰਾ ਘਰ ਈ ਨਾ ਵੜੇ ਤੇ ਸਾਧ ਹੋ ਜਾਏ ।

ਕਾਲੂ : ਅਜਿਹੇ ਝੁੱਗਾ ਚੌੜ ਸਾਧ ਨਹੀਂ ਹੁੰਦੇ । ਉਸ ਨੂੰ ਤਾੜਨ ਫਾੜਨ ਦੀ ਲੋੜ ਏ — ਮੈਂ ਜਾਨਾਂ । ਕਿਥੇ ਐ ਮੇਰੀ ਸੋਟੀ ?

ਨਾਨਕੀ : ਤੂੰ ਘਰ ਬੈਠ, ਬਾਪੂ, ਮੈਂ ਉਸ ਨੂੰ ਮਿਲ ਆਈ ਆਂ । ਮੇਰੇ ਵੀਰ ਨੂੰ ਹੋਰ ਕੋਈ ਨਹੀਂ ਸਮਝ ਸਕਦਾ ।

ਬ੍ਰਾਹਮਣ : ਕਿਹਾ ਸੀ ਨਾ ਮੰਗਲ ਦਾ ਦਿਨ ਸ਼ੁਭ ਨਹੀਂ ! ਦੇਖ ਲਈ ਸਾਡੀ ਭਵਿਖ ਬਾਣੀ ? ਸ਼ਿਵ ਸ਼ੰਭੂ ।

(ਦੋਵੇਂ ਬੁੱਢੀਆਂ ਤੇ ਬ੍ਰਾਹਮਣ ਚਲੇ ਜਾਂਦੇ ਹਨ ।)

ਕਾਲੂ : ਕਿਥੇ ਐ ਉਹ ?

ਨਾਨਕੀ : ਪਿੰਡ ਦੇ ਬਾਹਰ, ਤਲਾਅ ਦੇ ਕੰਢੇ ਬੈਠਾ ਸੀ ।

ਕਾਲੂ : ਕਿਹੜੇ ਤਲਾਅ ਦੇ ?

ਨਾਨਕੀ : ਸਾਧਾਂ ਵਾਲੇ ਤਲਾਅ ਦੇ । ਮੈਂ ਗਈ ਤਾਂ ਦੌੜ ਕੇ ਗਲ ਆ ਲੱਗਾ । ਨਾ ਕੁਝ ਬੋਲਿਆ ਨਾ ਚਾਲਿਆ ਬਸ ਭੈਣ ਦੇ ਗਲ ਲਗ ਗਿਆ । ਮੇਰੇ ਪੁੱਛਣ ਤੇ ਉਸ ਦਸਿਆ ਕਿ ਚੂਹੜਕਾਣੇ ਦੇ ਲਾਗਲੇ ਪਿੰਡਾਂ 'ਚ ਕਾਲ ਪਿਆ ਹੋਇਆ ਸੀ । ਲੋਕ ਭੁੱਖ ਨਾਲ ਮਰ ਰਹੇ ਸਨ । ਮੈਥੋਂ ਦੇਖਿਆ ਨਾ ਗਿਆ । ਉਸ ਨੇ ਸਾਰਾ ਆਟਾ, ਚੌਲ, ਗੁੜ ਤੇ ਕਪੜੇ ਭੁੱਖੇ ਨੰਗੇ ਲੋਕਾਂ 'ਚ ਵੰਡ ਦਿਤੇ ।

ਕਾਲੂ : ਮੇਰਾ ਸਾਰਾ ਰੁਪਈਆ ਰੋਹੜ ਦਿਤਾ ।

ਨਾਨਕੀ : ਰੋਹੜਿਆ ਨਹੀਂ, ਤਾਰ ਦਿਤਾ । ਉਸ ਸੱਚਾ ਸੌਦਾ ਕੀਤਾ ।

ਕਾਲੂ : ਮੈਨੂੰ ਨਹੀਂ ਲੋੜ ਇਸ ਸੱਚੇ ਸੌਦੇ ਦੀ । ਮੈਂ ਉਸ ਨੂੰ ਘਰ ਨਹੀਂ ਵੜਨ ਦੇਣਾ । ਕਿਥੇ ਐ ਓਹ ?

ਨਾਨਕੀ : ਆਪਣੇ ਦੋਸਤ ਮਰਦਾਨੇ ਨੂੰ ਮਿਲਣ ਗਿਐ ।

ਕਾਲੂ : ਉਸ ਮਰਾਸੀ ਨੂੰ ? ਫਿਰ ਇਹ ਕਮਾਈਆਂ ਕਰ ਚੁਕਾ ।

ਨਾਨਕੀ : ਉਸ ਨੂੰ ਮੇਰੇ ਨਾਲ ਸੁਲਤਾਨਪੁਰ ਭੇਜ ਦਿਓ । ਓਥੇ ਨਵਾਬ ਦੇ ਮੋਦੀਖ਼ਾਨੇ ਵਿਚ ਉਸ ਨੂੰ ਚੰਗੀ ਨੌਕਰੀ ਮਿਲ ਜਾਵੇਗੀ । ਘਰ ਤੋਂ ਦੂਰ, ਤੁਹਾਡੇ ਤੋਂ ਦੂਰ, ਮੇਰੇ ਕੋਲ ਰਵ੍ਹੇਗਾ ਤਾਂ ਸਭ ਠੀਕ ਹੋ ਜਾਵੇਗਾ ।

ਤ੍ਰਿਪਤਾ : ਮੈਂ ਪੁੱਤ ਨੂੰ ਚਹੁੰ ਛਿਲੜਾਂ ਲਈ ਪਰਦੇਸ ਨਹੀਂ ਤੋਰਦੀ । ਭੱਠ ਪਵੇ ਉਹ ਚਾਂਦੀ ਜੋ ਮਾਂ ਤੋਂ ਪੁੱਤ ਖੁਹਾਂਦੀ ।

ਕਾਲੂ : ਘਰ ਤੋਂ ਬਾਹਰ ਨਿਕਲ ਕੇ ਜੇ ਚਾਂਦੀ ਨਾ ਖੱਟੂ ਤਾਂ ਅਕਲ ਤਾਂ ਖੱਟੂ, ਉਸ ਡੂਮ ਦੀ ਸੁਹਬਤ ਵਿਚ ਇਸ ਨੂੰ ਕਿਹੜਾ ਕੁਬੇਰ ਦਾ ਖ਼ਜ਼ਾਨਾ ਲੱਭਣਾ ਏ ? ਜਿਸ ਕੰਮ ਭੇਜੋ ਪੂਰੀ ਪਾ ਆਉਂਦਾ ਏ । ਨਾਨਕੀ, ਮੈਂ ਤੇਰੇ ਨਾਲ ਨਾਨਕ ਨੂੰ ਤੋਰਾਂਗਾ, ਭਾਵੇਂ ਧੀਆਂ ਦੇ ਘਰ ਭਰਾ ਸੋਭਦੇ ਨਹੀਂ ।

ਨਾਨਕੀ : ਉਹ ਮੇਰਾ ਨਿੱਕਾ ਵੀਰ ਏ । ਨਿੱਕਿਆਂ ਦਾ ਕਾਹਦਾ ਮਿਹਣਾ !

ਤ੍ਰਿਪਤਾ : ਮੇਰੇ ਲਈ ਉਹ ਨਿੱਕਾ ਨਹੀਂ । ਉਸ ਦੇ ਹੁੰਦਿਆਂ ਵਿਹੜਾ ਮੋਕਲਾ ਜਾਪਦਾ ਏ ਤੇ ਆਕਾਸ਼ ਹੋਰ ਨੇੜੇ । ਮੇਰਾ ਇਕੋ ਪੁੱਤ । ਇਕ

ਪੁੱਤ ਦੀ ਮਾਂ ਅੰਨ੍ਹੀ ਹੁੰਦੀ ਏ । ਮੈਂ ਉਸ ਦਾ ਵਿਛੋੜਾ ਨਹੀਂ ਸਹਿ ਸਕਦੀ ।

ਕਾਲੂ : ਸਾਰੇ ਮੁੰਡੇ ਕੰਮਾਂ-ਧੰਦਿਆਂ ਨੂੰ ਬਾਹਰ ਜਾਂਦੇ ਨੇ । ਨਾਨਕ ਕੋਈ ਵਖਰਾ ਏ?

ਤ੍ਰਿਪਤਾ : ਆਹੋ, ਵਖਰਾ । ਮੇਰਾ ਨਾਨਕ ਹੋਰਨਾਂ ਵਰਗਾ ਨਹੀਂ । ਜਦੋਂ ਦੋ ਵਰ੍ਹਿਆਂ ਦਾ ਸੀ ਤਾਂ ਕਈ ਵਾਰ ਅਭੜਵਾਹੇ ਮੈਂ ਅੱਧੀ ਰਾਤੀਂ ਉਠ ਖਲੋਂਦੀ ਤੇ ਪੰਘੂੜੇ ਵਿਚ ਹੱਥ ਮਾਰਦੀ । ਨਾਨਕ ਓਥੇ ਨਾ ਹੁੰਦਾ । ਮੇਰਾ ਕਾਲਜਾ ਦਹਿਲ ਜਾਂਦਾ । ਹਨੇਰੇ ਵਿਹੜੇ ਵਿਚ ਮੈਂ ਉਸ ਦੀਆਂ ਨਿੱਕੀਆਂ ਨਿੱਕੀਆਂ ਪੈੜਾਂ ਨੂੰ ਵੇਖਦੀ । ਚਾਂਦੀ-ਵੰਨੀਆਂ ਪੈੜਾਂ ਚਮਕਦੀਆਂ । ਮੈਂ ਉਹਨਾਂ ਉਤੇ ਉਸ ਨੂੰ ਲੱਭਦੀ । ਉਹ ਬਾਹਰਲੇ ਵਿਹੜੇ ਵਿਚ ਬੈਠਾ ਤਾਰਿਆਂ ਨਾਲ ਗੱਲਾਂ ਕਰ ਰਿਹਾ ਹੁੰਦਾ । ਮੈਂ ਉਹਨੂੰ ਚੁੱਕ ਕੇ ਛਾਤੀ ਨਾਲ ਲਾ ਲੈਂਦੀ ।

ਨਾਨਕੀ : ਮੈਂ ਉਸ ਦੀ ਚੰਗੀ ਤਰ੍ਹਾਂ ਦੇਖ-ਭਾਲ ਕਰਾਂਗੀ । ਮਾਂ, ਤੂੰ ਘਾਬਰ ਨਾ ।

ਤ੍ਰਿਪਤਾ : ਘਾਬਰਾਂ ਕਿਵੇਂ ਨਾ । ਨਾ ਉਸ ਦਾ ਖਾਣ ਦਾ ਵੇਲਾ ਨਾ ਉਸ ਨੂੰ ਪਹਿਨਣ ਦੀ ਹੋਸ਼ । ਮੇਰੇ ਭੋਲੇ ਸਾਧੂ-ਸੁਭਾ ਪੁੱਤ ਦੀ ਕੋਈ ਦੇਖ-ਭਾਲ ਨਹੀਂ ਕਰ ਸਕਦਾ ।

ਕਾਲੂ : ਏਥੇ ਮੁੰਡਾ ਹੋਰ ਵਿਗੜ ਜਾਊ । ਸੁਲਤਾਨਪੁਰ ਵਡਾ ਸ਼ਹਿਰ ਹੈ। ਜੈਰਾਮ ਦੀ ਨਵਾਬ ਦੇ ਦਰਬਾਰੇ ਗੱਲ ਨਹੀਂ ਮੁੜਦੀ । ਨਾਨਕ ਨੂੰ ਜੇ ਨੌਕਰੀ ਮਿਲ ਗਈ ਤਾਂ ਵਾਰੇ ਨਿਆਰੇ ਹੋ ਜਾਣਗੇ । ਮੇਰੇ ਕੋਲੋਂ ਨਹੀਂ ਵਿਹਲੜ ਨੂੰ ਰੋਟੀਆਂ ਖੁਆਈਦੀਆਂ — ਕੰਮ ਕਰੇ ਤੇ ਖਾਵੇ ਤੇ ਆਪਣੇ ਜੀਆਂ ਨੂੰ ਸੰਭਾਲੇ । ਚੱਲ, ਨਾਨਕੀ, ਮੈਂ ਉਸ ਦਾ ਪ੍ਰਬੰਧ ਕਰਾਂ ।

(ਕਾਲੂ ਤੇ ਨਾਨਕੀ ਬਾਹਰ ਨਿਕਲ ਜਾਂਦੇ ਹਨ । ਸੁਲੱਖਣੀ ਪ੍ਰਵੇਸ਼ ਕਰਦੀ ਹੈ ।)

ਸੁਲੱਖਣੀ : ਮਾਂ ਜੀ, ਉਹ ਜਾ ਰਿਹਾ ਹੈ ।

ਤ੍ਰਿਪਤਾ : ਨਹੀਂ ।

ਸੁਲੱਖਣੀ : ਉਹ ਜਾ ਰਿਹਾ ਏ । ਸਿਰਫ ਤੁਹਾਡੀ ਅਸੀਸ ਨੂੰ ਉਡੀਕ ਰਿਹਾ ਏ ।

ਤ੍ਰਿਪਤਾ : ਤੂੰ ਵੀ ਨਾ ਉਸ ਨੂੰ ਰੋਕਿਆ ।

ਸੁਲੱਖਣੀ : ਮੈਂ ਬਥੇਰਾ ਰੋਕਿਆ । ਵਾਸਤੇ ਪਾਏ । ਪਰ ਉਹ ਆਖਣ ਲੱਗਾ — "ਭੋਲੀਏ ਅਸੀਂ ਏਥੇ ਕਿਆ ਕਰਦੇ ਆਹੇ ? ਅਰ ਓਥੇ ਕਿਆ ਕਰਾਂਗੇ ? ਅਸੀਂ ਤੁਸਾਂ ਦੇ ਕਿਤੇ ਕੰਮ ਨਾਹੀਂ ।" ਮੈਂ ਉਸ ਦੇ ਪੈਰੀਂ ਪੈ ਗਈ ਤੇ ਆਖਿਆ — "ਜੇ ਤੁਸੀਂ ਘਰ ਬੈਠੇ ਹੋ, ਤਾਂ ਮੇਰੇ ਭਾਣੇ ਸਾਰੇ ਜਹਾਨ ਦੀ

ਪਾਤਿਸ਼ਾਹੀ ਆਹੀ।" ਉਸ ਆਖਿਆ — "ਤੂੰ ਚਿੰਤਾ ਕਿਛੁ ਨਾ ਕਰ। ਦਿਨ ਦਿਨ ਤੇਰੀ ਪਾਤਸ਼ਾਹੀ ਹੋਵੇਗੀ।" ਮੈਂ ਆਖਿਆ — "ਜੀ ਮੈਂ ਪਿਛੇ ਰਹਿੰਦੀ ਨਾ ਹੀ, ਮੈਨੂੰ ਨਾਲੈ ਲੈ ਚਲੋ।" ਉਸ ਆਖਿਆ — "ਹੁਣ ਤਾਂ ਮੈਂ ਜਾਂਦਾ ਹਾਂ। ਜੇ ਮੇਰੇ ਰੁਜ਼ਗਾਰ ਦੀ ਕਾਈ ਬਣਸੀ ਤਾਂ ਮੈਂ ਸਦਾਇ ਲੈਸਾਂ। ਤੂੰ ਅਸਾਡੀ ਆਗਿਆ ਮੰਨ" ਤੇ ਮੈਂ ਚੁੱਪ ਹੋ ਗਈ।

ਤ੍ਰਿਪਤਾ : ਤਾਂ ਫੇਰ ਨਾਨਕ ਜਾ ਰਿਹੈ ?

ਤੀਵੀਆਂ ਦਾ ਕੋਰਸ :

ਇਕ ਦੇ ਸਿਰ ਦਾ ਸਾਈਂ ਚਲਿਆ
ਇਕ ਦੀ ਅੱਖ ਦਾ ਨੂਰ
ਇਕ ਦੇ ਥਣ ਵਿਚ ਬਿਰਹਾ ਰੋਵੇ
ਇਕ ਦੀ ਮਾਂਗ ਸੰਧੂਰ।

ਤ੍ਰਿਪਤਾ : ਮੈਂ ਜਾਨੀ ਆਂ ਉਸ ਨੂੰ ਮੋੜਨ। ਇਹ ਸੋਚ ਕੇ ਕਿ ਉਹ ਜਾ ਰਿਹੈ ਮੇਰੇ ਸੀਨੇ ਵਿਚ ਰਾਤ ਉਤਰ ਆਈ ਏ। ਸਭ ਮਹਿਲ ਮੁਨਾਰੇ ਸੁੰਗੜੇ ਜਾਪਦੇ ਨੇ।

ਤੀਵੀਆਂ ਦਾ ਕੋਰਸ :

ਇਕ ਦੇ ਥਣ ਵਿਚ ਬਿਰਹਾ ਰੋਵੇ
ਇਕ ਦੀ ਮਾਂਗ ਸੰਧੂਰ।

ਇਕ ਲਈ ਸੁੰਗੜੇ ਮਹਿਲ ਮੁਨਾਰੇ
ਇਕ ਦੇ ਚਾਅ ਕੁਆਰੇ
ਇਕ ਲਈ ਹੋ ਗਏ ਗਗਨ ਦੁਰੇਡੇ
ਇਕ ਲਈ ਡੁੱਬ ਗਏ ਤਾਰੇ
ਦੋਹਾਂ ਦੀ ਅੱਜ ਗੋਦ ਸ੍ਰਾਪੀ
ਦੋਵੇਂ ਹੀ ਮਜਬੂਰ

ਇਕ ਦੇ ਸਿਰ ਦਾ ਸਾਈਂ ਚਲਿਆ
ਇਕ ਦੀ ਅੱਖ ਦਾ ਨੂਰ

(ਤ੍ਰਿਪਤਾ ਤੇ ਸੁਲੱਖਣੀ ਦੋਵੇਂ ਨਿਢਾਲ ਹਨ।)

(ਹਨੇਰਾ)

## ਦ੍ਰਿਸ਼ ਚੌਥਾ

ਦੌਲਤ ਖ਼ਾਨ ਲੋਧੀ ਆਪਣੇ ਅਮੀਰਾਂ ਵਜ਼ੀਰਾਂ ਨਾਲ ਪ੍ਰਵੇਸ਼ ਕਰਦਾ ਹੈ। ਦੋ ਬਕਤਰਪੋਸ਼ ਕਚਹਿਰੀ ਵਿਚ ਆਏ ਸਾਇਲਾਂ ਤੇ ਫ਼ਰਿਆਦੀਆਂ ਨੂੰ ਕੋੜੇ ਮਾਰਦੇ ਹੋਏ ਰਸਤਾ ਸਾਫ਼ ਕਰਦੇ ਹਨ।

ਚੋਬਦਾਰ : (ਨਗਾਰੇ ਦੀ ਆਵਾਜ਼) ਬਾ-ਅਦਬ, ਬਾ-ਮੁਲਾਹਿਜ਼ਾ, ਹੋਸ਼ਿਆਰ ! (ਨਗਾਰਾ) ਸਰਦਾਰਿ ਆਜ਼ਿਮ, ਨੂਰਿ ਖ਼ਾਨਦਾਨਿ ਲੋਧੀ, ਖ਼ਰਸ਼ੀਦਿ ਸੁਲਤਾਨਪੁਰ ਨਵਾਬ ਦੌਲਤ ਖ਼ਾਨ ਲੋਧੀ ਤਸ਼ਰੀਫ਼ ਲਾ ਰਹੇ ਹੈਂ !!! (ਨਗਾਰਾ)

ਬੁੱਢਾ : ਹਜ਼ੂਰ ਮੇਰਾ ਜਵਾਨ ਪੁੱਤ ਝੂਠੇ ਇਲਜ਼ਾਮ ਵਿਚ ਕੈਦ ਕਰ ਦਿਤਾ ਗਿਆ ਹੈ। ਮੇਰੇ ਬੁਢਾਪੇ ਤੇ ਰਹਿਮ ਫ਼ਰਮਾਓ।

ਇਕ ਤੀਵੀ : ਸ਼ਹਿਰ ਦਾ ਕੁਤਵਾਲ ਵੱਢੀ ਮੰਗਦੈ। ਸਾਡੇ ਗ਼ਰੀਬਾਂ ਕੋਲ ਦੇਣ ਜੋਗਾ ਕੀ ਐ ?

ਦੂਜਾ ਸਾਇਲ : ਮਾਈ ਬਾਪ ਮੇਰੀ ਜ਼ਮੀਨ ਖੋਹੀ ਗਈ ਤੇ ਮੈਨੂੰ ਧੱਕੇ ਮਾਰ ਕੇ ਬੇ-ਦਖ਼ਲ ਕਰ ਦਿਤਾ ਗਿਆ।

ਦੂਜੀ ਤੀਵੀਂ : ਬੇ-ਆਸਰਾ ਹਾਂ। ਮੇਰਾ ਖ਼ਾਵੰਦ ਹਜ਼ੂਰ ਦੀ ਖ਼ਿਦਮਤ ਕਰਦਿਆਂ ਲੜਾਈ 'ਚ ਮਾਰਿਆ ਗਿਆ। ਰਹਿਮ !

ਬਕਤਰਪੋਸ਼ : ਹਟੋ ਇਕ ਪਾਸੇ ! ਹਟੋ !

ਬੁੱਢਾ : ਰਹਿਮ। ਦੁਹਾਈ, ਸਰਕਾਰ !

ਬਕਤਰਪੋਸ਼ : ਦਫ਼ਾ ਹੋ ਜਾਓ ਏਥੋਂ। ਹਟੋ ਇਕ ਪਾਸੇ !!

(ਕੋੜੇ ਮਾਰਦੇ ਹਨ)

ਸਾਇਲ ਤੇ ਫ਼ਰਿਆਦੀ ਰੋਂਦੇ ਚੀਖਦੇ ਖਿੰਡ ਜਾਂਦੇ ਹਨ। ਦੌਲਤ ਖ਼ਾਨ ਲੋਧੀ ਆ ਕੇ ਵਿਚਕਾਰਲੇ ਗੋਲ ਥੜੇ ਉਤੇ ਪਈ ਸ਼ਾਹੀ ਕੁਰਸੀ ਉਤੇ ਬੈਠ ਜਾਂਦਾ ਹੈ।

ਦੀਵਾਨ ਜਾਦਵ ਰਾਇ ਤੇ ਵਜ਼ੀਰ ਸੱਜੇ ਖੱਬੇ ਨਿੱਕੀਆਂ ਕੁਰਸੀਆਂ ਉਤੇ ਬੈਠਦੇ ਹਨ। ਬਕਤਰਪੋਸ਼ ਨੇਜ਼ੇ ਲਈ ਮੰਚ ਦੇ ਅਗੇਤਰ ਖੜੇ ਹਨ।

ਦੌਲਤ ਖ਼ਾਨ : ਦਿੱਲੀ ਭੇਜਿਆ ਹੋਇਆ ਅਕਰਮ ਖ਼ਾਂ ਪਰਤ ਆਇਆ ?

ਦੀਵਾਨ ਜਾਦਵ ਰਾਇ : ਪਿਛਲੇ ਹਫਤੇ ਉਸ ਦੇ ਮੁੜ ਕੇ ਆਉਣ ਦੀ ਇੰਤਜ਼ਾਰ ਸੀ, ਪਰ ਉਹ ਹਾਲੇ ਤਕ ਨਹੀਂ ਪਰਤਿਆ ।

ਦੌਲਤ ਖ਼ਾਨ : ਕਿਤੇ ਉਹ ਦਿੱਲੀ ਦੇ ਦਰਬਾਰ ਨਾਲ ਤਾਂ ਨਹੀਂ ਰਲ ਗਿਆ ?

ਜਾਦਵ ਰਾਇ : ਹਜ਼ੂਰ ਦਾ ਖ਼ਾਸ ਇਤਬਾਰੀ ਆਦਮੀ ਹੈ।

ਦੌਲਤ ਖ਼ਾਨ : ਖ਼ਾਸ ਇਤਬਾਰੀ ਆਦਮੀ ਹੀ ਦਗਾ ਦੇਂਦੇ ਹਨ। ਏਸੇ ਲਈ ਮੈਂ ਜਾਸੂਸ ਉਤੇ ਦੂਜਾ ਜਾਸੂਸ ਰਖਦਾ ਹਾਂ ਤਾ ਕਿ ਦੋਹਾਂ ਪਾਸਿਆਂ ਦੀ ਖ਼ਬਰ ਰਹੇ ।

(ਬਾਹਰੋਂ ਸਾਇਲਾਂ ਦਾ ਸ਼ੋਰ ।)

ਅਸੀਂ ਅਜ ਮੁਕੱਦਮੇ ਨਹੀਂ ਸੁਣਾਂਗੇ । ਸਿਰਫ਼ ਦਰਬਾਰ ਦੇ ਹਾਲਾਤ ਦਾ ਜਾਇਜ਼ਾ ਲਵਾਂਗੇ ।

ਬਕਤਰਪੋਸ਼ ਕੋੜੇ ਮਾਰ ਕੇ ਸਾਇਲਾਂ ਤੇ ਫ਼ਰਿਆਦੀਆਂ ਨੂੰ ਬਾਹਰ ਕੱਢ ਦੇਂਦੇ ਹਨ ।

ਮੁਲਕ ਦੇ ਹਾਲਾਤ ਇਤਨੇ ਵਿਗੜਦੇ ਜਾ ਰਹੇ ਹਨ ਕਿ ਕਿਸੇ ਵੇਲੇ ਵੀ ਦਿੱਲੀ ਦਾ ਤਖ਼ਤਾ ਉਲਟ ਸਕਦਾ ਹੈ । ਫ਼ਜ਼ੂਲ ਖ਼ਰਚੀਆਂ ਬੰਦ ਕਰ ਕੇ ਸ਼ਾਹੀ ਖ਼ਜ਼ਾਨੇ ਨੂੰ ਭਰਨ ਦੀ ਸੋਚੋ । ਕਿਸਾਨਾਂ ਤੇ ਜੋ ਮਾਮਲਾ ਲਾਇਆ ਸੀ, ਵਸੂਲ ਕਰਨ ਵਿਚ ਢਿਲ ਨਾ ਹੋਵੇ ।

ਵਜ਼ੀਰ : ਕਿਸਾਨ ਤੋਂ ਪੈਸੇ ਵਸੂਲ ਕਰਨੇ ਆਸਾਨ ਨਹੀਂ । ਸਿੱਧੀਆਂ ਉਂਗਲਾਂ ਨਾਲ ਘਿਉ ਨਹੀਂ ਨਿਕਲਦਾ । ਹਜ਼ੂਰ ਦੇ ਹੁਕਮ ਮੁਤਾਬਿਕ ਸਿਪਾਹੀਆਂ ਦੇ ਦਸਤੇ ਭੇਜੇ ਗਏ, ਪਰ ਦੋ ਹਜ਼ਾਰ ਮੁਹਰਾਂ ਤੋਂ ਜ਼ਿਆਦਾ ਮਾਮਲਾ ਇਕਠਾ ਨਹੀਂ ਹੋਇਆ ।

ਜਾਦਵ ਰਾਇ : ਦਿੱਲੀ ਦਰਬਾਰ ਦੇ ਸ਼ਾਹੀ ਮਿਹਮਾਨ ਲੰਘਦੇ ਵੜਦੇ ਆ ਠਹਿਰਦੇ ਹਨ । ਬੇ-ਸ਼ੁਮਾਰ ਰੁਪਿਆ ਉਹਨਾਂ ਦੀ ਸ਼ਰਾਬ ਤੇ ਖ਼ਾਤਿਰ-ਤਵਾਜ਼ੁ ਵਿਚ ਉੱਡ ਜਾਂਦਾ ਹੈ ।

ਦੌਲਤ ਖ਼ਾਨ : ਸ਼ਰਾਬ ਉਹਨਾਂ ਨੂੰ ਜ਼ਰੂਰ ਦਿਓ, ਪਰ ਬਾਕੀ ਦੀ ਖ਼ਾਤਿਰ ਤਵਾਜ਼ੁ ਵਿਚ ਕਮੀ ਕਰੋ । ਸ਼ਰਾਬ ਵਿਚ ਡੁਬੋ ਕੇ ਹੀ ਮੈਂ ਦੂਜੇ ਸੂਬੇਦਾਰਾਂ ਤੇ ਨਵਾਬਾਂ ਦੇ ਰਾਜ਼ ਲੈਂਦਾ ਹਾਂ । ਏਸ ਵੇਲੇ ਮੁਨਸ਼ੀਆਂ-ਮੁਸੱਦੀਆਂ ਨੂੰ ਤਨਖ਼ਾਹ ਦੇਣ ਦੀ ਕੋਈ ਲੋੜ ਨਹੀਂ । ਉਹ ਆਪਣਾ ਗੁਜ਼ਾਰਾ ਕਰਨਾ ਜਾਣਦੇ ਹਨ । ਪਰ ਸਿਪਾਹੀਆਂ ਦੀ ਤਨਖ਼ਾਹ ਕਦੇ ਨਾ ਰੁਕੇ ।

ਵਜ਼ੀਰ : ਜੋ ਹੁਕਮ ।

ਜਾਦਵ ਰਾਇ : ਮੈਂ ਬੜੇ ਦਿਨਾਂ ਤੋਂ ਇਕ ਗੱਲ ਹਜ਼ੂਰ ਦੇ ਗੋਸ਼-ਗੁਜ਼ਾਰ ਕਰਨਾ ਚਾਹੁੰਦਾ ਸਾਂ, ਪਰ ਹਿੰਮਤ ਨਹੀਂ ਸੀ ਹੁੰਦੀ।

ਦੌਲਤ ਖ਼ਾਨ : ਬੋਲ।

ਜਾਦਵ ਰਾਇ : ਸਰਕਾਰ ਨੇ ਜੈਰਾਮ ਨੂੰ ਮੋਦੀਖ਼ਾਨੇ ਦਾ ਆਲਾ ਅਫ਼ਸਰ ਮੁਕਰਰ ਕੀਤਾ। ਤੇ ਉਸ ਦੇ ਆਖਣ ਉਤੇ ਉਸ ਦੇ ਰਿਸ਼ਤੇਦਾਰ ਨਾਨਕ ਨੂੰ ਮੋਦੀ-ਖ਼ਾਨੇ ਵਿਚ ਭਰਤੀ ਕੀਤਾ। ਪਰ ਹਜ਼ੂਰ ਨੇ ਕਦੇ ਹਿਸਾਬ ਨਹੀਂ ਲਿਆ।

ਦੌਲਤ ਖ਼ਾਨ : ਕਿਉਂ ?

ਜਾਦਵ ਰਾਇ : ਮਹਿਲ ਦੇ ਅਗਲੇ ਪਾਸਿਓਂ ਰਸਦ ਆਉਂਦੀ ਹੈ, ਪਰ ਪਿਛਲੀ ਖਿੜਕੀ ਵਿਚੋਂ ਸਭ ਮਾਲ ਗ਼ਾਇਬ ਹੁੰਦਾ ਜਾ ਰਿਹਾ ਹੈ। ਜੇ ਇਸ ਵੇਲੇ ਮੋਦੀਖ਼ਾਨੇ ਦੀ ਪੜਤਾਲ ਕਰੋ ਤਾਂ ਨਾਨਕ ਦੀ ਈਮਾਨਦਾਰੀ ਦਾ ਪਤਾ ਚੱਲੇ।

ਦੌਲਤ ਖ਼ਾਨ : ਝੂਠ !

ਜਾਦਵ ਰਾਇ : ਹੱਥ ਕੰਗਣ ਨੂੰ ਆਰਸੀ ਕੀਹ ? ਹਜ਼ੂਰ ਹੁਕਮ ਦੇ ਕੇ ਨਾਨਕ ਨੂੰ ਤਲਬ ਕਰਨ। ਉਸ ਨੂੰ ਮੌਕਾ ਨਾ ਦਿਤਾ ਜਾਵੇ ਕਿ ਉਹ ਮੋਦੀਖ਼ਾਨੇ ਦੇ ਵਹੀ-ਖਾਤੇ ਵਿਚ ਕੋਈ ਅਦਲ ਬਦਲ ਕਰ ਸਕੇ।

ਦੌਲਤ ਖ਼ਾਨ : ਜਾਓ, ਨਾਨਕ ਨੂੰ ਹਾਜ਼ਿਰ ਕਰੋ।

ਬਕਤਰਪੋਸ਼ ਆਦਾਬ ਬਜਾ ਲਿਆਉਂਦੇ ਹਨ ਤੇ ਚਲੇ ਜਾਂਦੇ ਹਨ।

(ਬ੍ਰਾਹਮਣ ਪ੍ਰਵੇਸ਼ ਕਰਦਾ ਹੈ।)

ਬ੍ਰਾਹਮਣ : ਸੁਲਤਾਨਪੁਰ ਦੇ ਸੁਲਤਾਨ ਦੀ ਜੈ ਹੋਵੇ। ਸਭ ਗ੍ਰਹਿ ਸ਼ੁਭ ਹਨ। ਲੋਧੀ ਵੰਸ਼ ਦੀਆਂ ਤਿੱਥਾਂ-ਟੇਵੇ ਲੈ ਕੇ ਆਇਆਂ ਹਾਂ।

ਦੌਲਤ ਖ਼ਾਨ : ਅਸੀਂ ਖ਼ੁਸ਼ ਹਾਂ ਕਿ ਸਾਡੇ ਦਰਬਾਰ ਵਿਚ ਸਾਡੇ ਪੁਰਾਣੇ ਬ੍ਰਾਹਮਣ ਤਸ਼ਰੀਫ਼ ਲਿਆਏ ਹਨ।

ਬ੍ਰਾਹਮਣ : ਕਈ ਦੇਸ਼ਾਂ 'ਚ ਭ੍ਰਮਣ ਕਰਦਾ ਤੁਹਾਡੇ ਰਾਜ ਵਿਚ ਆਇਆ ਹਾਂ। ਸ਼ਹਿਰ ਦਾ ਵੱਡਾ ਮਹਿਰਾਬੀ ਦਰਵਾਜ਼ਾ ਲੰਘਦਿਆਂ ਸੋਚਿਆ ਕਿ ਪਹਿਲਾਂ ਰਾਜ-ਦਰਬਾਰ ਨੂੰ ਅਸ਼ੀਰਵਾਦ ਦੇਵਾਂ। ਬ੍ਰਾਹਮਣ ਦਾ ਭਾਖਿਆ ਕਦੇ ਬਿਰਥਾ ਨਹੀਂ ਜਾਂਦਾ। ਲੋਧੀ ਸੁਲਤਾਨ ਦਾ ਤਾਰਾ ਉਚੇ ਮੰਡਲਾਂ ਵਿਚ ਚਮਕ ਰਿਹਾ ਹੈ। ਛੇਤੀ ਹੀ ਈਸ਼ਵਰ ਆਪ ਨੂੰ ਇਸ ਤੋਂ ਵੀ ਉਚੇ ਸਿੰਘਾਸਣ ਤੇ ਬਿਠਾਏਗਾ।

ਦੌਲਤ ਖ਼ਾਨ : ਬ੍ਰਾਹਮਣ ਮਹਾਰਾਜ, ਸੁਲਤਾਨਪੁਰ ਦਾ ਰਾਜ ਇਸ ਲਈ ਕਾਇਮ ਹੈ ਕਿ ਅਸੀਂ ਚੰਗੇ ਤੇ ਮਾੜੇ ਆਦਮੀ ਦੀ ਪਰਖ ਕਰ ਸਕਦੇ ਹਾਂ ।

ਬ੍ਰਾਹਮਣ : ਜੀ ਹਾਂ, ਚੰਗੇ ਤੇ ਮਾੜੇ ਦੀ ਪਰਖ ਜ਼ਰੂਰੀ ਹੈ । ਇਸੇ ਲਈ ਸਾਡੇ ਕੁਲ ਦੀ ਪੰਡਿਤਾਈ-ਪੁਰੋਹਿਤੀ ਦੂਰ ਦੂਰ ਤਕ ਹੈ । ਕਾਸ਼ੀ ਤੇ ਹਰਦਵਾਰ ਵੀ ਸਾਡੇ ਟਿੱਲੇ ਹਨ । ਪਰ ਅਜ ਕਲ੍ਹ ਦਾ ਸਮਾਂ ਕੁਝ ਵਿਗੜਦਾ ਜਾ ਰਿਹਾ ਹੈ । ਤਲਵੰਡੀ ਵਿਚ ਹੁਣ ਸਾਡੀ ਉਹ ਪਿਤਾ-ਪੁਰਖੀ ਨਹੀਂ ਰਹੀ । ਮੈਂ ਜਿਸ ਸ਼ਿਸ਼ ਨੂੰ ਪੜ੍ਹਾਇਆ, ਉਹ ਉਚੀ ਪਦਵੀ ਤੇ ਪਹੁੰਚ ਗਿਆ । ਹਜ਼ਾਰਾਂ ਲੱਖਾਂ ਵਿਚ ਖੇਡਣ ਲਗਾ । ਧਨ ਦੌਲਤ ਦਾ ਘਾਟਾ ਨਾ ਰਿਹਾ । ਪਰ ਮੇਰਾ ਇਕ ਸ਼ਿਸ਼ ਨਾਨਕ ਇਹੋ ਜਿਹਾ ਨਿਕਲਿਆ ਕਿ ਉਸ ਨੇ ਮੇਰੀ ਵਰ੍ਹਿਆਂ ਦੀ ਬਣਾਈ ਪੜਤ ਮਾਰ ਦਿਤੀ । ਮੈਂ ਇਤਨਾ ਦੁਖੀ ਹੋਇਆ ਕਿ ਹੁਣ ਮੈਂ ਚਾਰ ਧਾਮ ਦੀ ਯਾਤਰਾ ਨੂੰ ਨਿਕਲਿਆ ਹਾਂ ।

ਦੌਲਤ ਖ਼ਾਨ : ਕਿਸ ਨਾਨਕ ਦੀ ਗੱਲ ਕਰਦੇ ਹੋ ?

ਬ੍ਰਾਹਮਣ : ਓਸੇ ਨਾਨਕ ਦੀ ਜੋ ਅਜ ਕਲ੍ਹ ਤੁਹਾਡੇ ਮੋਦੀਖ਼ਾਨੇ ਵਿਚ ਹੈ ।

(ਪਹਿਲਾ ਬਕਤਰਪੋਸ਼ ਦਾਖ਼ਿਲ ਹੁੰਦਾ ਹੈ ।)

ਪਹਿਲਾ ਬਕਤਰਪੋਸ਼ : ਹਜ਼ੂਰ, ਅਸੀਂ ਤੁਹਾਡਾ ਹੁਕਮ ਲੈ ਕੇ ਨਾਨਕ ਕੋਲ ਗਏ ਤਾਂ ਉਸ ਆਖਿਆ, ਮੈਂ ਨਹੀਂ ਆਉਂਦਾ ।

(ਦਰਬਾਰ ਸੱਨਾਟੇ ਵਿਚ ।)

ਦੌਲਤ ਖ਼ਾਨ : ਉਸ ਦੀ ਇਹ ਮਜਾਲ ! ਜਦੋਂ ਜੈਰਾਮ ਉਸ ਨੂੰ ਨੌਕਰੀ ਲੁਆਣ ਲਈ ਹਾਜ਼ਰ ਹੋਇਆ ਤਾਂ ਉਸ ਨੇ ਸਾਡੇ ਹਜ਼ੂਰ ਨਜ਼ਰਾਨਾ ਪੇਸ਼ ਕੀਤਾ ਸੀ । ਉਸ ਦੀ ਸੌ ਸੌ ਸਿਫ਼ਾਰਿਸ਼ ਕੀਤੀ ਸੀ । ਸਾਡੀ ਸ਼ਾਨ ਵਿਚ ਇਤਨੀ ਬੇ-ਅਦਬੀ ਕਿ ਦਰਬਾਰ 'ਚ ਹਾਜ਼ਰ ਹੋਣ ਤੋਂ ਇਨਕਾਰ ਕਰੇ ?

ਪਹਿਲਾ ਬਕਤਰਪੋਸ਼ : ਜਦੋਂ ਅਸੀਂ ਉਸ ਨੂੰ ਲੱਭਦੇ ਉਸ ਦੇ ਡੇਰੇ ਗਏ ਤਾਂ ਉਹਦੇ ਦੁਆਲੇ ਭੀੜ ਜੁੜੀ ਹੋਈ ਸੀ ਤੇ ਉਸ ਦਾ ਇਕ ਸਾਥੀ ਮਰਦਾਨਾ ਰਬਾਬ ਵਜਾ ਰਿਹਾ ਸੀ । ਅਸੀਂ ਨਗਾਰੇ ਤੇ ਚੋਟ ਮਾਰੀ ਤੇ ਤੁਹਾਡਾ ਹੁਕਮ ਸੁਣਾਇਆ, ਪਰ ਕਿਸੇ ਨਾ ਸੁਣਿਆ । ਜੇ ਤੁਹਾਡਾ ਹੁਕਮ ਹੋਵੇ ਤਾਂ ਉਸ ਨੂੰ ਗ੍ਰਿਫ਼ਤਾਰ ਕਰ ਲਈਏ ?

(ਦੂਜਾ ਬਕਤਰਪੋਸ਼ ਨੱਸਦਾ ਹੋਇਆ ਆਉਂਦਾ ਹੈ ।)

ਦੂਜਾ ਬੱਕਤਰਪੋਸ਼ : ਹਜ਼ੂਰ, ਉਹ ਬੇਈਂ ਨਦੀ ਪਾਰ ਕਰ ਕੇ ਲੋਪ ਹੋ ਗਿਆ ।

ਦੌਲਤ ਖ਼ਾਨ : ਕੌਣ ?

ਦੋਵੇਂ ਬਕਤਰਪੋਸ਼ : ਨਾਨਕ !

ਦੌਲਤ ਖ਼ਾਨ : ਕੀ ਆਖਿਆ ?

ਦੂਜਾ ਬਕਤਰਪੋਸ਼ : ਹਜ਼ੂਰ ਮੈਂ ਸੱਚ ਅਰਜ਼ ਕਰ ਰਿਹਾ ਹਾਂ। ਨਾਨਕ ਖ਼ਰਬੂਜ਼ੇ ਸ਼ਾਹ ਦੇ ਤਕੀਏ ਵਿਚ ਗਿਆ ਤੇ ਆਪਣਾ ਚੋਗ਼ਾ ਉਸ ਨੂੰ ਫੜਾ ਕੇ ਬੇਈਂ ਵਿਚ ਉਤਰ ਗਿਆ । ਫਿਰ ਅਗੋਂ ਪਤਾ ਨਹੀਂ ਚਲਦਾ !

ਦੌਲਤ ਖ਼ਾਨ : ਜਾਓ, ਸਾਰਾ ਬੇਲਾ ਛਾਣ ਮਾਰੋ ! ਮਲਾਹਾਂ ਨੂੰ ਖ਼ਬਰ ਕਰੋ !

ਦੂਜਾ ਬਕਤਰਪੋਸ਼ : ਹਜ਼ੂਰ, ਜਦੋਂ ਮੈਂ ਪਰਸੋਂ ਮੋਦੀਖ਼ਾਨੇ ਰਸਦ ਲੈਣ ਗਿਆ ਤਾਂ ਨਾਨਕ ਹਰ ਇਕ ਲਈ ਆਟਾ ਦਾਲ ਤੋਲ ਰਿਹਾ ਸੀ, ਤੇ ਅੱਖਾਂ ਬੰਦ ਕਰੀ ਆਖ ਰਿਹਾ ਸੀ — "ਤੇਰਾ, ਤੇਰਾ, ਤੇਰਾ !"

ਦੋਵੇਂ : ਆਖ ਰਿਹਾ ਸੀ "ਮੈਂ ਰੱਬ ਦੇ ਦਰਬਾਰ ਵਿਚ ਹਾਂ । ਸਭ ਕੁਛ ਤੇਰਾ, ਤੇਰਾ, ਤੇਰਾ !"

ਦੌਲਤ ਖ਼ਾਨ : ਜਾਓ, ਜਾ ਕੇ ਜੈਰਾਮ ਨੂੰ ਗ੍ਰਿਫ਼ਤਾਰ ਕਰ ਕੇ ਲਿਆਓ ਤੇ ਸਾਰੇ ਵਹੀ-ਖਾਤੇ ਸ਼ਾਹੀ ਮੁਹਰ ਨਾਲ ਬੰਦ ਕਰ ਕੇ ਪੇਸ਼ ਕਰੋ ।

(ਦੋਵੇਂ ਜਾਂਦੇ ਹਨ ।)

ਬ੍ਰਾਹਮਣ : ਸ਼ਿਵ ਸ਼ੰਭੂ ! ਸ਼ਿਵ ਸ਼ੰਭੂ !

ਦੀਵਾਨ : ਕਿਉਂ ਹਜ਼ੂਰ, ਮੈਂ ਕੀ ਆਖਿਆ ਸੀ ?

ਬ੍ਰਾਹਮਣ : ਮੈਂ ਤਾਂ ਪਹਿਲਾਂ ਹੀ ਆਖਿਆ ਸੀ ਕਿ ਇਹਨੇ ਸ਼ਾਹੀ ਖ਼ਜ਼ਾਨਾ ਲੁਟਾ ਕੇ ਗ਼ਰੀਬ-ਗ਼ੁਰਬਿਆਂ 'ਚ ਵੰਡ ਦੇਣੈ । ਆਖਦਾ ਹੈ, ਸਭ ਬਰਾਬਰ ਹਨ । ਇਹ ਤਾਂ ਈਸ਼ਵਰ ਦੇ ਹੁਕਮ ਦੀ ਵੀ ਨਿਰਾਦਰੀ ਹੈ । ਛੋਟਾ-ਵੱਡਾ ਤਾਂ ਸਦਾ ਤੋਂ ਤੁਰਿਆ ਆਉਂਦਾ ਹੈ । ਬ੍ਰਾਹਮਣ ਬ੍ਰਾਹਮਣ ਹੈ; ਬਾਦਸ਼ਾਹ ਬਾਦਸ਼ਾਹ, ਤੇ ਭਠਿਆਰਾ ਭਠਿਆਰਾ । ਅਲੋਕਾਰੀਆਂ ਗੱਲਾਂ ਕਰਦਾ ਹੈ । ਸ਼ਿਵ ਸ਼ੰਭੂ ! ਸ਼ਿਵ ਸ਼ੰਭੂ !

(ਜਾਂਦਾ ਹੈ ।)

ਬਕਤਰਪੋਸ਼ ਜੈਰਾਮ ਨੂੰ ਲੈ ਕੇ ਆਉਂਦੇ ਹਨ

ਦੌਲਤ ਖ਼ਾਨ : ਜੈਰਾਮ ਤੂੰ ਇਤਨੇ ਸਾਲ ਸਾਡੀ ਖ਼ਿਦਮਤ ਕੀਤੀ । ਅਸੀਂ ਤੇਰੇ ਉਤੇ ਹਮੇਸ਼ਾ ਇਤਬਾਰ ਕੀਤਾ । ਉਸ ਦਾ ਇਹ ਸਿਲਾ ? ਮੋਦੀਖ਼ਾਨੇ ਦੇ ਹਿਸਾਬ ਵਿਚ ਹੇਰਾ ਫੇਰੀ ?

ਜੈਰਾਮ : (ਦਹਿਸ਼ਤ ਨਾਲ ਕੰਬ ਕੇ) ਮੇਰਾ ਇਸ ਵਿਚ ਕੋਈ ਕਸੂਰ ਨਹੀਂ, ਹਜ਼ੂਰ !

ਦੌਲਤ ਖ਼ਾਨ : ਤੂੰ ਇਸ ਗੱਲ ਦਾ ਇਕਬਾਲ ਕਰਦਾ ਹੈਂ ਕਿ ਨਾਨਕ ਨੇ ਸ਼ਾਹੀ ਮੋਦੀਖ਼ਾਨੇ ਨੂੰ ਸਦਾ-ਵਰਤ ਸਮਝ ਰਖਿਆ ਸੀ ? ਨਾ ਕੋਈ ਹਿਸਾਬ ਨਾ ਕਿਤਾਬ। ਜੋ ਆਇਆ ਉਸ ਨੂੰ ਮੁਫਤ ਰਸਦ ਦੇ ਦਿੱਤੀ। ਤੇ ਉਤੋਂ ਇਹ ਗੁਸਤਾਖ਼ੀ ਕਿ ਜਦੋਂ ਅਸੀਂ ਦਰਬਾਰ ਵਿਚ ਹਾਜ਼ਰ ਹੋਣ ਲਈ ਬੁਲਾਇਆ ਤਾਂ ਉਸ ਆਉਣ ਤੋਂ ਇਨਕਾਰ ਕੀਤਾ। ਦੋਬਾਰਾ ਆਦਮੀ ਭੇਜੇ ਤਾਂ ਉਹ ਰੂ-ਪੋਸ਼ ਹੋ ਗਿਆ। ਇਸ ਦੀ ਸਜ਼ਾ ਤੈਨੂੰ ਮਿਲੇਗੀ। ਹਿਸਾਬ ਦੀ ਪੜਤਾਲ ਕਰੋ। ਜੇ ਇਕ ਪੈਸੇ ਦਾ ਵੀ ਫ਼ਰਕ ਨਿਕਲੇ ਤਾਂ ਜੈਰਾਮ ਨੂੰ ਕਾਲ ਕੋਠੜੀ ਵਿਚ ਬੰਦ ਕਰ ਦਿਓ !

(ਸ਼ਾਹੀ ਫ਼ਰਮਾਨ ਉਤੇ ਸੱਨਾਟਾ)

ਦੋ ਮੁਨਸ਼ੀ ਵਹੀਆਂ ਚੁੱਕੀ ਆਉਂਦੇ ਹਨ, ਤੇ ਹਿਸਾਬ ਮਿਲਾਉਂਦੇ ਹਨ।

ਪਹਿਲਾ ਮੁਨਸ਼ੀ : ਦਸ ਹਜ਼ਾਰ ਤੋੜਾ ਗੰਦਮ, ਨੌਂ ਸੋ ਕੁੱਪਾ ਸ਼ਹਿਦ, ਢਾਈ ਸੌ ਮਣ ਕਾਗਜ਼ੀ ਬਦਾਮ, ਬਾਰਾਂ ਸੌ ਚਾਟੀ ਗੋਕਾ ਘਿਉ, ਇਕ ਬੋਰੀ ਜ਼ੀਰਾ ਸ਼ਾਹੀ, ਲੂਣ ਸੁਲੇਮਾਨੀ ਪੰਦਰਾ ਛੱਟਾਂ, ਕਿਸ਼ਮਿਸ਼ ਕੰਧਾਰੀ ਪੰਦਰਾਂ ਟੋਪੇ, ਚੋਲ ਡੋਗਰਾਈ ਸੱਤ ਸੋ ਪੜੋਪੇ, ਸਬਜ਼ ਇਲਾਇਚੀ ਤਿੰਨ ਪੜੋਪੀਆਂ।

ਦੂਜਾ : ਠੀਕ ਠੀਕ ਪੜ੍ਹ।

ਪਹਿਲਾ : ਕਿਉਂ ?

ਦੂਜਾ : ਮੋਦੀਖਾਨੇ ਵਿਚ ਇਸ ਵੇਲੇ ਮਾਲ ਇਨ ਤੋਂ ਵੀ ਜ਼ਿਆਦਾ ਏ।

ਦੋਵੇਂ ਮੁਨਸ਼ੀ : ਹਜ਼ੂਰ ਮੋਦੀਖ਼ਾਨੇ ਵਿਚ ਅਸੀਂ ਪੜਤਾਲ ਕੀਤੀ, ਹਰ ਸ਼ੈ ਠੀਕ ਹੈ। ਘੱਟ ਦੀ ਥਾਂ ਕਈ ਚੀਜ਼ਾਂ ਵਧ ਹੀ ਹਨ।

ਦੌਲਤ ਖ਼ਾਨ : ਜੈਰਾਮ, ਸਾਨੂੰ ਅਫ਼ਸੋਸ ਹੈ ਕਿ ਅਸੀਂ ਤੇਰੇ ਤੇ ਸ਼ੱਕ ਕੀਤਾ।

ਲੋਕ : (ਬਾਹਰੋਂ) ਲੱਭ ਗਿਆ। ਲੱਭ ਗਿਆ, ਲੱਭ ਗਿਆ।

ਦੌਲਤ ਖ਼ਾਨ : ਇਹ ਕਿਹਾ ਸ਼ੋਰ ਹੈ, ਕੀ ਲੱਭ ਗਿਆ ?

ਇਕ ਆਦਮੀ : ਨਾਨਕ ਲੱਭ ਗਿਆ। ਜਦੋਂ ਉਹ ਬੇਈਂ ਤੋਂ ਬਾਹਰ ਨਿਕਲਿਆ ਤਾਂ ਉਸ ਦੇ ਚਿਹਰੇ ਉਤੇ ਜਲਾਲ ਸੀ। ਅਜਿਹੀ ਚੜ੍ਹੀ ਬੇਈਂ ਵਿਚ ਕੋਈ ਮਲਾਹ ਬੇੜੀ ਨਹੀਂ ਸੀ ਠੇਲ੍ਹ ਸਕਦਾ। ਨਾਨਕ ਦੇ ਇਹ ਸ਼ਬਦ ਬੇਈਂ ਦੀਆਂ ਲਹਿਰਾਂ ਉਤੇ ਗੂੰਜੇ :

"ਨਾ ਕੋਈ ਹਿੰਦੂ......ਨਾ ਮੁਸਲਮਾਨ।"

ਦੋਵੇਂ ਮੁਨਸ਼ੀ : ਨਾ ਕੋਈ ਹਿੰਦੂ ਨਾ ਮੁਸਲਮਾਨ।"
ਪਿਛਲੇ ਲੋਕ : "ਨਾ ਕੋਈ ਹਿੰਦੂ ਨਾ ਮੁਸਲਮਾਨ।"

(ਬ੍ਰਾਹਮਣ ਆਉਂਦਾ ਹੈ)

ਬ੍ਰਾਹਮਣ : ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਮੈਂ ਹਿੰਦੂ ਆਂ ਤੇ ਤੁਹਾਡੇ ਸਾਹਮਣੇ ਖੜਾ ਹਾਂ।

ਮੌਲਵੀ : ਬਿਲਕੁਲ ਗਲਤ ! ਉਹ ਅੱਲਾ ਦੀ ਜ਼ਾਤ ਤੋਂ ਮੁਨਕਿਰ ਹੈ। ਉਹ ਨਮਾਜ਼ ਨੂੰ ਨਹੀਂ ਮੰਨਦਾ।

ਲੋਕ : ਝੂਠ, ! ਝੂਠ !

ਮੌਲਵੀ : ਝੂਠ ਨਹੀਂ, ਸੁਣੋ — ਮੈਂ ਜ਼ੁਹਰ ਦੀ ਨਮਾਜ਼ ਪੜ੍ਹ ਰਿਹਾ ਸਾਂ ਤਾਂ ਨਾਨਕ ਖੜਾ ਹੱਸਦਾ ਸੀ।

(ਮਰਦਾਨਾ ਪ੍ਰਵੇਸ਼ ਕਰਦਾ ਹੈ।)

ਮਰਦਾਨਾ : ਹਾਂ, ਉਹ ਹੱਸਦਾ ਸੀ।

ਦੌਲਤ ਖ਼ਾਨ : ਤੂੰ ਕੌਣ ਹੈਂ ?

ਮਰਦਾਨਾ : ਉਸ ਦੀ ਆਵਾਜ਼, ਉਸ ਦਾ ਸਾਜ਼।

ਮੌਲਵੀ : ਇਹੋ ਹੈ ਉਸ ਦਾ ਸਭ ਤੋਂ ਵਡਾ ਚੇਲਾ । ਅੱਲਾ ਤੋਂ ਮੁਨਕਿਰ, ਇਸਲਾਮ ਤੋਂ ਮੁਨਕਿਰ। ਨਮਾਜ਼ ਪੜ੍ਹਨ ਦੀ ਥਾਂ ਰਬਾਬ ਵਜਾਂਦਾ ਹੈ। ਸ਼ਰੀਅਤ ਦੇ ਖ਼ਿਲਾਫ਼ !

ਮਰਦਾਨਾ : ਹਾਂ, ਮੈਂ ਉਸ ਦਾ ਚੇਲਾ ਹਾਂ। ਮੇਰਾ ਨਾਂ ਮਰਦਾਨਾ ਹੈ। ਮੇਰੇ ਗੁਰੂ ਨੇ ਮੈਨੂੰ ਯਾਦ ਕੀਤਾ ਤੇ ਮੈਂ ਤਲਵੰਡੀ ਤੋਂ ਏਥੇ ਆ ਗਿਆ।

ਮੌਲਵੀ : ਨਾਨਕ ਮੇਰੀ ਨਮਾਜ਼ ਤੇ ਹੱਸਿਆ। ਇਸ ਦੀ ਸਜ਼ਾ ਹੋਣੀ ਚਾਹੀਦੀ ਹੈ।

ਮਰਦਾਨਾ : ਮੇਰਾ ਗੁਰੂ ਤੇਰੇ ਤੇ ਇਸ ਲਈ ਹੱਸਿਆ ਕਿ ਤੇਰੀ ਨਮਾਜ਼ ਅੱਲਾਹ ਦੀ ਦਰਗਾਹ ਵਿਚ ਕਬੂਲ ਨਹੀਂ ਸੀ ਹੋਈ।

ਮੌਲਵੀ : ਕੀ ਆਖਦਾ ਹੈਂ ?

ਮਰਦਾਨਾ : ਮੇਰੇ ਗੁਰੂ ਨੇ ਆਖਿਆ, ਓ ਕਾਜ਼ੀ, ਜਦ ਤੂੰ ਨਮਾਜ਼ ਉਪਰ ਖੜਾ ਸੀ ਤਾਂ ਤੇਰਾ ਮਨ ਇਕਾਗਰ ਨਹੀਂ ਸੀ। ਤੇਰੇ ਘਰ ਘੋੜੀ ਸੂਈ ਸੀ, ਵਛੇਰੀ ਜੰਮੀ ਸੀ, ਤੇ ਤੂੰ ਵਛੇਰੀ ਦੇ ਖ਼ਿਆਲ ਵਿਚ ਸੈਂ। ਤੇਰੇ ਵਿਹੜੇ ਵਿਚ ਖੂਹੀ ਹੈ, ਨਮਾਜ਼ ਪੜ੍ਹਨ ਵੇਲੇ ਤੂੰ ਰੱਬ ਦੀ ਦਰਗਾਹ ਦੇ ਥਾਂ ਆਪਣੇ ਵਿਹੜੇ 'ਚ ਖੜਾ ਫ਼ਿਕਰਮੰਦ ਸੈਂ ਕਿ ਵਛੇਰੀ ਕਿਤੇ ਖੂਹ ਵਿਚ ਨਾ ਡਿੱਗ ਪਵੇ। ਤੇਰੀ ਨਮਾਜ਼ ਕਬੂਲ ਨਾ ਹੋਈ।

ਮੌਲਵੀ : (ਪਸ਼ੇਮਾਨ ਹੋ ਕੇ) ਮੇਰੇ ਖ਼ੁਦਾ, ਮੈਨੂੰ ਬਖ਼ਸ਼ : ਮੈਂ ਸੱਚ-ਮੁੱਚ ਆਪਣੀ ਸੱਜਰ ਸੂਈ ਘੋੜੀ ਬਾਰੇ ਹੀ ਸੋਚ ਰਿਹਾ ਸਾਂ ।

ਲੋਕ ਹੱਸਦੇ ਹਨ ।

ਅਜ਼ਾਨ ਦੀ ਆਵਾਜ਼ — "ਅੱਲਾਹ ਹੂ ਅਕਬਰ"

ਦੌਲਤ ਖ਼ਾਨ : ਨਾਨਕ ਵਿਚ ਖ਼ੁਦਾ ਬੋਲਦਾ ਹੈ । ਜੈਰਾਮ, ਤੂੰ ਜਾ ਤੇ ਉਸ ਅੱਲਾਹ ਦੇ ਬੰਦੇ ਨੂੰ ਆਖ ਕਿ ਉਹ ਆਪਣੀ ਮਿਹਰ ਦਾ ਹੱਥ ਸਾਡੇ ਉਤੇ ਰਖੇ । ਇਹ ਅਮੀਰੀਆਂ ਵਜ਼ੀਰੀਆਂ ਉਸ ਤੋਂ ਬਲਿਹਾਰ । ਉਹ ਸਾਡੇ ਕੋਲ ਟਿਕੇ ।

ਮਰਦਾਨਾ : ਮੇਰਾ ਸਾਹਿਬ ਆਖਦਾ ਹੈ — ਖ਼ੁਦਾਇ ਤੇਰਾ ਭਲਾ ਕਰੇਗਾ, ਹੁਣ ਟਿਕਨ ਕੀ ਬਾਤੁ ਰਹੀ । ਰਾਜੁ, ਮਾਲੁ, ਘਰ, ਬਾਰ ਤੇਰੇ ਹੈਨਿ, ਅਸੀਂ ਤਿਆਗ ਚੱਲੇ ।

(ਅਕਰਮ ਖ਼ਾਨ ਦਾਖ਼ਿਲ ਹੁੰਦਾ ਹੈ ।)

ਅਕਰਮ ਖ਼ਾਨ : ਹਜ਼ੂਰ ਦਾ ਦਾਮਿ ਇਕਬਾਲ ਬੁਲੰਦ ਹੋਵੇ । ਦਿੱਲੀ ਦਰਬਾਰ ਤੋਂ ਖ਼ੁਸ਼ਖ਼ਬਰੀ ਲਿਆਇਆ ਹਾਂ ।

ਦੌਲਤ ਖ਼ਾਨ : ਕੀ ?

ਅਕਰਮ ਖ਼ਾਨ : (ਫ਼ਰਮਾਨ ਪੜ੍ਹਦਾ ਹੈ ।)

"ਸ਼ਹਿਨਸ਼ਾਹੇ ਹਿੰਦ, ਆਫ਼ਤਾਬੇ ਸ਼ਰਕ, ਸਿਕੰਦਰ ਸ਼ਾਹ ਲੋਧੀ ਆਪਣੇ ਅਜ਼ੀਜ਼ ਦੌਲਤ ਖ਼ਾਨ ਲੋਧੀ,ਫ਼ਰਮਾਂ ਰਵਾਇ ਸੁਲਤਾਨਪੁਰ, ਕੋ ਆਜ ਸੇ ਸੂਬਾ-ਇ-ਲਾਹੌਰ ਕਾ ਸੂਬੇਦਾਰ ਤਈਅੱਨ ਕਰਤੇ ਹੈਂ ।"

ਦਰਬਾਰ ਦੇ ਲੋਕ : ਆਮੀਨ !

ਦੌਲਤ ਖ਼ਾਨ : ਇਹ ਸਾਡੇ ਉਤੇ ਨਾਨਕ ਦਰਵੇਸ਼ ਦੀ ਮਿਹਰ ਹੋਈ ਹੈ !

ਰਬਾਬੀਆਂ ਦਾ ਕੋਰਸ :

ਮੁਸਲਮਾਨ ਕਹਾਵਨ ਮੁਸਕਲ
ਜਾ ਹੋਇ ਤਾਂ ਮੁਸਲਮਾਨ ਕਹਾਵੇ ।
ਅਵਲਿ ਅਉਲਿ ਦੀਨੁ ਕਰਿ ਮਿਠਾ
ਮਸਕਲਮਾਨਾ ਮਾਲੁ ਮੁਸਾਵੈ ।
ਹੋਇ ਮੁਸਲਿਮ ਦੀਨ ਮਹਾਣੇ
ਮਰਣ ਜੀਵਣ ਕਾ ਭਰਮਿ ਚੁਕਾਵੈ ।

ਰਬ ਕੀ ਰਜਾਇ ਮੰਨੇ ਸਿਰ ਉਪਰਿ
ਕਰਤਾ ਮੰਨੇ ਆਪ ਗਵਾਵੈ ।
ਤਉ ਨਾਨਕ ਸਰਬ ਜੀਆ
ਮਿਹਰੰਮਤਿ ਹੋਇ ਤਾ ਮੁਸਲਮਾਣ ਕਹਾਵੈ ।

(ਹਨੇਰਾ)

## ਦ੍ਰਿਸ਼ ਪੰਜਵਾਂ

ਹਨੇਰੀ ਰਾਤ । ਬਿਜਲੀ ਕੜਕਦੀ ਹੈ । ਮਰਦਾਨਾ ਇਕ ਸਿਲ ਤੇ ਬੈਠਾ ਰਬਾਬ ਦੀਆਂ ਤਾਰਾਂ ਛੇੜ ਰਿਹਾ ਹੈ। ਸੱਜਣ ਠੱਗ ਦਾਖ਼ਿਲ ਹੁੰਦਾ ਹੈ ।

ਸੱਜਣ ਠੱਗ : ਲੋਕ ਮੈਨੂੰ ਠੱਗ ਆਖਦੇ ਹਨ । ਪਰ ਇਸ ਸੰਸਾਰ ਵਿਚ ਕੌਣ ਨਹੀਂ ਠੱਗਦਾ ? ਸਾਡੀ ਸਾਰੀ ਸੰਸਕ੍ਰਿਤੀ ਹੀ ਠੱਗੀ ਦੀ ਹੈ । ਰਾਜਾ ਪਰਜਾ ਨੂੰ ਠਗਦੈ, ਮੌਲਵੀ ਅੱਲਾਹ ਦਾ ਨਾਂ ਲੈ ਕੇ ਨਮਾਜ਼ੀਆਂ ਨੂੰ ਠੱਗਦੈ, ਬ੍ਰਾਹਮਣ ਟੇਵੇ, ਕੁੰਡਲੀਆਂ ਬਣਾ ਕੇ ਭੋਲੇ ਲੋਕਾਂ ਨੂੰ ਠੱਗਦੇ ਹਨ । ਬਾਣੀਆਂ ਤਕੜੀ 'ਚ ਪਾਸਕੂ ਰਖ ਕੇ ਗਾਹਕਾਂ ਨੂੰ ਠੱਗਦਾ ਹੈ । ਇਹ ਠੱਗੀ ਦੀ ਦੁਨੀਆਂ ਹੈ । ਜੋ ਇਸ ਕਿੱਤੇ ਨੂੰ ਨਹੀਂ ਜਾਣਦਾ ਉਹ ਮਰ ਜਾਂਦਾ ਹੈ । ਮੇਰੇ ਤੇ ਇਹਨਾਂ ਲੋਕਾਂ ਵਿਚ ਫ਼ਰਕ ਇਹ ਹੈ ਕਿ ਮੈਂ ਸੱਚਾ ਠੱਗ ਹਾਂ ਤੇ ਉਹ ਝੂਠੇ ।

ਅਜੀਬ ਨਿਯਮ ਹੈ ਇਸ ਸਮਾਜ ਦਾ ਤੁਸੀਂ ਦੋ ਚਾਰ ਬੰਦਿਆਂ ਨੂੰ ਕਤਲ ਕਰੋ ਤਾਂ ਤੁਸੀਂ ਕਾਤਿਲ ਹੋ, ਤੇ ਤੁਹਾਡੀ ਸਜ਼ਾ ਫਾਂਸੀ । ਤੁਸੀਂ ਇਕ ਲੱਖ ਬੰਦਿਆਂ ਨੂੰ ਕਤਲ ਕਰੋ ਤਾਂ ਸੂਰਬੀਰ, ਬਹਾਦਰ ਯੋਧਾ ਤੇ ਬਾਦਸ਼ਾਹ ।

ਅੱਜ ਮੇਰੇ ਘਰ ਦੋ ਪਰਦੇਸੀ ਉਤਰੇ ਹਨ । ਇਕ ਦਾ ਚਿਹਰਾ ਨੂਰ ਵਾਲਾ ਹੈ....ਕੋਈ ਧਨਵਾਨ ਜਾਪਦਾ ਹੈ । ਰੱਬ ਨੇ ਮੇਰੇ ਤੇ ਮਿਹਰ ਕੀਤੀ । ਦੂਜਾ ਉਸ ਦਾ ਸਾਥੀ ਸ਼ਾਇਦ ਉਸ ਦਾ ਸੇਵਾਦਾਰ ਹੈ । ਮੈਂ ਉਹਨਾਂ ਨੂੰ ਖਿੜੇ ਮੱਥੇ ਜੀ ਆਇਆਂ ਆਖਿਆ । ਉਹਨਾਂ ਨੂੰ ਭੋਜਨ ਪੇਸ਼ ਕੀਤਾ ਤੇ ਉਹਨਾਂ ਨੂੰ ਵਿਸਰਾਮ ਕਰਨ ਲਈ ਆਖਿਆ । ਨੂਰਾਨੀ ਚਿਹਰੇ ਵਾਲੇ ਨੇ ਪਤਾ ਨਹੀਂ ਰੋਟੀ ਕਿਉਂ ਨਹੀਂ ਖਾਧੀ । ਸ਼ਾਇਦ ਉਸ ਨੂੰ ਸ਼ੱਕ ਹੈ ਕਿ ਮੈਂ

ਭੋਜਨ ਵਿਚ ਕੁਝ ਮਿਲਾ ਨਾ ਦਿਤਾ ਹੋਵੇ। ਪਰ ਉਸ ਦੇ ਸੇਵਾਦਾਰ ਨੇ ਮਜ਼ੇ ਨਾਲ ਖਾਣਾ ਖਾਧਾ।

ਇਹ ਦੋਵੇਂ ਸੌਂ ਕਿਉਂ ਨਹੀਂ ਜਾਂਦੇ ? ਅੱਧੀ ਰਾਤ ਲੰਘ ਗਈ, ਇਸ ਵੇਲੇ ਜਾਂ ਫਿਰ ਸੰਤ ਜਾਗਦੇ, ਜਾਂ ਵੇਸਵਾ, ਜਾਂ ਕੋਈ ਮੇਰੇ ਵਰਗਾ।

ਉਹ ਦੋਵੇਂ ਹਾਲੇ ਤਕ ਨਹੀਂ ਸੁੱਤੇ ? ਰਬਾਬ ਦੀ ਆਵਾਜ਼ ਬੰਦ ਹੋ ਗਈ। ਉਹ ਸੌਣ ਲੱਗਿਆ ਹੈ। ਬਹੁਤ ਥੱਕਿਆ ਜਾਪਦਾ ਹੈ। ਲੇਟਦੇ ਹੀ ਸੌਂ ਗਿਆ। ਘੂਕ ਸੁੱਤਾ ਪਿਆ ਹੈ। ਪਹਿਲਾਂ ਇਸ ਦਾ ਫ਼ਸਤਾ ਮੁਕਾਵਾਂ ਤੇ ਫੇਰ ਅੰਦਰ ਵਾਲੇ ਦਾ।

> ਮਰਦਾਨਾ ਸੁੱਤਾ ਪਿਆ ਹੈ। ਸੱਜਨ ਉਸ ਦਾ ਗਲਾ ਦਬਾਉਣ ਲਈ ਉਸ ਉਤੇ ਝੁਕਦਾ ਹੈ। ਮਰਦਾਨਾ ਪਾਸਾ ਪਰਤਦਾ ਹੈ। ਜਿਸ ਪਾਸੇ ਨੂੰ ਸੱਜਣ ਝੁਕਦਾ ਹੈ ਮਰਦਾਨਾ ਦੂਜੇ ਪਾਸੇ ਅਭੜਵਾਹੀ ਕਰਵਟ ਲੈਂਦਾ।

ਇਹ ਸੁੱਤਾ ਪਿਆ ਹੈ ਕਿ ਜਾਗਦੈ ? ਹੈਂ ? ਰਬਾਬ ਦੀ ਆਵਾਜ਼ ਕਿਥੋਂ ? ਸਾਹਮਣੇ ਮੇਰੇ ਇਹ ਸਾਜ਼ ਚੁੱਪ ਚਾਪ ਪਿਆ ਹੈ......ਕੌਣ ਇਸ ਦੀਆਂ ਤਾਰਾਂ ਛੇੜ ਰਿਹੈ ? ਮੇਰੇ ਦਿਲ ਵਿਚ ਇਹ ਧੂਹ ਜੇਹੀ ਕੀ ਪੈਂਦੀ ਹੈ ? ਕਿਸ ਨੇ ਮੇਰੇ ਸਾਰੇ ਵਜੂਦ ਨੂੰ ਹਿਲਾ ਦਿੱਤਾ ? ਕਿਸ ਦੇ ਪੈਰ ਅੱਜ ਮੇਰੇ ਘਰ ਪਏ ? ਉਹ ਰੋਸ਼ਨੀ ਕਿਥੋਂ......ਸਾਰੇ ਬੱਦਲ ਛੁੱਟ ਗਏ। ਹਨੇਰੇ ਵਿਚ ਇਕਦਮ ਇਹ ਚਾਨਣ ਦਾ ਆਕਾਰ ?

ਰਬਾਬੀਆਂ ਦਾ ਕੋਰਸ :

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨਾ ਉਤਰੈ ਜੇ ਸਉ ਧੋਵਾ ਤਿਸੁ ॥
ਸੱਜਣ ਸੇਈ ਨਾਲਿ ਮੈ ਚਲਦਿਆ ਨਾਲ ਚਲੰਨਿ੍ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥
ਚਾਕਰੀਆਂ ਚੰਗਿਆਈਆ ਅਵਰ ਸਿਆਣਪ ਕਿਤੁ ॥
ਨਾਨਕ ਨਾਮੁ ਸਮਾਲਿ ਤੂੰ ਬੱਧਾ ਛੁਟਹਿ ਜਿਤੁ ॥

( ਹਨੇਰਾ )

## ਦ੍ਰਿਸ਼ ਛੇਵਾਂ

(ਮਰਦਾਨਾ ਦਾਖ਼ਿਲ ਹੁੰਦਾ ਹੈ।)

ਮਰਦਾਨਾ : ਰਾਤ ਕੀ ਚਮਤਕਾਰ ਹੋਇਆ। ਮੈਂ ਸੁੱਤਾ ਤਾਂ ਇਉਂ ਜਾਪਿਆ ਜਿਵੇਂ ਕੋਈ ਮੇਰੇ ਰਬਾਬ ਦੀਆਂ ਤਾਰਾਂ ਨੂੰ ਸੁਰ ਕਰ ਰਿਹਾ ਹੋਵੇ। ਰਾਤ ਬਹੁਤ ਗਹਿਰਾ ਸੁੱਤਾ। ਖ਼ੂਬ ਨੀਂਦ ਆਈ। ਗੁਰੂ ਜਾਗਦੇ ਰਹੇ। ਸਵੇਰੇ ਜਦੋਂ ਮੈਂ ਉਠਿਆ ਤਾਂ ਗੁਰੂ ਧਿਆਨ ਵਿਚ ਬੈਠੇ ਸਨ ਤੇ ਸੱਜਣ ਉਹਨਾਂ ਦੇ ਚਰਨਾਂ ਵਿਚ।

ਗੁਰੂ ਬਹੁਤ ਅਗੇ ਨਿਕਲ ਗਏ ਹਨ। ਚੱਲਾਂ, ਤੇ ਉਹਨਾਂ ਦੇ ਨਾਲ ਜਾ ਕੇ ਰਲਾਂ।

(ਮਰਦਾਨਾ ਤੇਜ਼ ਤੇਜ਼ ਜਾਂਦਾ ਹੈ।)

ਇਕ ਮੋਟਾ ਮੁਸਲਮਾਨ ਜਾਗੀਰਦਾਰ ਦਾਖ਼ਿਲ ਹੁੰਦਾ ਹੈ। ਉਸ ਦੇ ਦੋ ਖ਼ਾਦਿਮ ਉਸ ਦੇ ਨਾਲ ਹਨ ... ... ਇਕ ਉਸ ਨੂੰ ਪੱਖਾ ਝੱਲਦਾ ਹੈ ਤੇ ਦੂਜਾ ਉਸ ਦੀ ਤਲਵਾਰ ਚੁੱਕੀ ਜਾਂਦਾ ਹੈ।

ਜਾਗੀਰਦਾਰ : ਇਹਨਾਂ ਨਿਮਕ ਹਰਾਮ ਨੌਕਰਾਂ ਉਤੇ ਖ਼ੁਦਾ ਦੀ ਮਾਰ। ਮੈਂ ਘੋੜੇ ਉਤੇ ਅਸਵਾਰ ਮਜ਼ੇ ਨਾਲ ਜਾ ਰਿਹਾ ਸਾਂ ਤੇ ਇਹ ਦੋਵੇਂ ਕੁੱਤੇ ਪਿਛੇ ਰਹਿ ਗਏ। ਮੈਂ ਪਿਛੇ ਮੁੜ ਕੇ ਉਚੀ ਆਵਾਜ਼ ਮਾਰੀ ਤੇ ਘੋੜਾ ਤ੍ਰਭਕ ਗਿਆ। ਝੱਗਾਂ ਛਡਦਾ ਵਾਗਾਂ ਛੁੜਾ ਕੇ ਉਹ ਕੁੱਦਿਆ ਤੇ ਮੈਨੂੰ ਡੇਗ ਕੇ ਦੌੜ ਗਿਆ। ਇਹਨਾਂ ਮਰਦੂਦਾਂ ਤੋਂ ਉਹ ਫੜਿਆ ਵੀ ਨਹੀਂ ਗਿਆ।

ਸੂਰਜ ਇਤਨਾ ਤੇਜ਼ ਹੈ ਕਿ ਤੁਰਿਆ ਵੀ ਨਹੀਂ ਜਾਂਦਾ। ਤੁਰਦਿਆਂ ਤੁਰਦਿਆਂ ਰੰਗ ਵੀ ਕਾਲਾ ਪੈ ਗਿਆ ਹੈ। ਇਸ ਰੁੱਖ ਦੇ ਹੇਠਾਂ ਰਤਾ ਬੈਠ ਕੇ ਆਰਾਮ ਕਰਾਂ।

ਲੱਕੜ ਦੇ ਮੁੱਢ ਉਤੇ ਬੈਠ ਜਾਂਦਾ ਹੈ ਤੇ ਪਸੀਨਾ ਪੂੰਝਦਾ ਹੈ। ਇਕ ਨੌਕਰ ਉਸ ਦੇ ਪੈਰ ਝੱਸਦਾ ਹੈ।

ਜਾਗੀਰਦਾਰ : ਹੌਲੀ ਦਬਾ। ਤੇਰੇ ਹੱਥ ਨੇ ਕਿ ਖਰਖਰੇ ?

ਨੌਕਰ : ਹਜ਼ੂਰ...

ਜਾਗੀਰਦਾਰ : ਇਹ ਮੁੱਢ ਮੈਨੂੰ ਚੁਭਦੈ। ਬੈਠਣ ਲਈ ਕੋਈ ਥਾਂ ਵੀ ਚੰਗੀ ਨਹੀਂ।
ਕਿਥੇ ਬੈਠਾਂ ? ਠੀਕ।

ਉਹ ਆਪਣੇ ਖ਼ਾਦਿਮ ਦੀ ਧੌਣ ਉਤੇ ਧੱਫਾ ਮਾਰਦਾ ਹੈ। ਖ਼ਾਦਿਮ ਘੋੜੀ ਬਣ ਜਾਂਦਾ ਹੈ। ਜਗੀਰਦਾਰ ਉਸ ਉਤੇ ਬੈਠ ਜਾਂਦਾ ਹੈ। ਦੂਜਾ ਖ਼ਾਦਿਮ ਪੱਖਾ ਝੱਲਦਾ ਹੈ।

ਜਾਗੀਰਦਾਰ : ਪੱਖਾ ਠੀਕ ਤਰ੍ਹਾਂ ਝੱਲ !

(ਮਰਦਾਨਾ ਦਾਖ਼ਿਲ ਹੁੰਦਾ ਹੈ।)

ਜਾਗੀਰਦਾਰ : ਤੂੰ ਕੌਣ ਹੁੰਦਾ ਏਂ ?
ਮਰਦਾਨਾ : ਗੁਰੂ ਨਾਨਕ ਦਾ ਚੇਲਾ।
ਜਾਗੀਰਦਾਰ : ਕੌਣ ਹੁੰਦੈ ਗੁਰੂ ਨਾਨਕ ?
ਮਰਦਾਨਾ : ਤੈਨੂੰ ਨਹੀਂ ਪਤਾ ਆਕਾਸ਼ ਦੇ ਚਮਕਦੇ ਸੂਰਜ ਦਾ, ਚੰਦ ਦਾ, ਧਰਤੀ ਦਾ, ਪਹਾੜਾਂ ਦਾ, ਸਮੁੰਦਰ ਦਾ... ਸਾਰਿਆਂ ਵਿਚ ਵਿਚਰਦੀ ਆਤਮਾ ਦਾ ?
ਜਾਗੀਰਦਾਰ : ਤੇਰਾ ਮਤਲਬ ਏ ਅੱਲਾਹ ਦਾ ? ਮੈਂ ਅੱਲਾਹ ਦਾ ਸ਼ੁਕਰ-ਗੁਜ਼ਾਰ ਹਾਂ ਕਿ ਉਸ ਨੇ ਮੈਨੂੰ ਦੌਲਤ, ਮਹੱਲ, ਬੇਗਮਾਂ ਤੇ ਖ਼ਾਦਿਮ ਦਿਤੇ। ਪਰ ਇਹ ਦੋਵੇਂ ਖ਼ਾਦਿਮ ਹਰਾਮ-ਖ਼ੋਰ ਨੇ, ਮੇਰੇ ਘੋੜੇ ਨੂੰ ਵੀ ਨਹੀਂ ਫੜ ਸਕੇ।

(ਉਠ ਖੜੋਂਦਾ ਹੈ।)

ਜਾਓ, ਮੇਰੇ ਘੋੜੇ ਨੂੰ ਫੜ ਕੇ ਲਿਆਓ ! ਪਰ ਨਹੀਂ, ਠਹਿਰੋ। ਮੈਂ ਤੁਹਾਨੂੰ ਜਾਣਦਾ ਹਾਂ। ਓਥੇ ਹੀ ਬੈਠ ਰਹੋਗੇ। ਚਲੋ ਏਧਰ !

ਧੱਫਾ ਮਾਰ ਕੇ ਫੇਰ ਖ਼ਾਦਿਮ ਨੂੰ ਘੋੜੀ ਬਣਾਉਂਦਾ ਹੈ ਤੇ ਬੈਠ ਜਾਂਦਾ ਹੈ।

ਜੇ ਤੁਸੀਂ ਦੋਵੇਂ ਚਲੇ ਗਏ ਤਾਂ ਮੈਂ ਬੈਠਾਂਗਾ ਕਿੱਥੇ ? ਕੌਣ ਮੈਨੂੰ ਪੱਖਾ ਝਲੇਗਾ ?

ਮਰਦਾਨਾ : ਇਹ ਆਦਮੀ ਆਪਣਾ ਬੋਝ ਨਹੀਂ ਚੱਕ ਸਕਦਾ। ਅਗਲੀ ਦਰਗਾਹ ਵਿਚ ਇਹ ਰੱਬ ਦੇ ਹਜ਼ੂਰ ਵਿਚ ਕਿਵੇਂ ਜਾਵੇਗਾ ? ਅਜਿਹੇ ਬੰਦੇ ਉਪਰ ਨਹੀਂ ਉਠ ਸਕਦੇ, ਆਪਣੇ ਬੋਝ ਨਾਲ ਲੱਦੇ ਹੋਏ ਨਰਕ ਵਿਚ ਜਾਂਦੇ ਹਨ।

ਜਾਗੀਰਦਾਰ : (ਉਠ ਕੇ) ਮੇਰੇ ਮਹਿਲ ਵਿਚ ਬੇਗਮਾਂ ਉਡੀਕ ਰਹੀਆਂ ਹਨ । ਫ਼ਵਾਰੇ ! ਰੂਹ ਅਫ਼ਜ਼ਾ ਸ਼ਰਬਤ ! ਖ਼ਸ ਤੇ ਕਲੀਆਂ ਨਾਲ ਸਜੀਆਂ ਸੇਜਾਂ ! ਪਰ ਮੈਂ ਏਥੇ ਇਹਨਾਂ ਨਾਲ ਨਰਕ ਵਿਚ ਪਿਆ ਹਾਂ ।

ਮਰਦਾਨਾ : ਜਿੱਥੇ ਇਹ ਪੈਰ ਰਖਦਾ ਹੈ ਓਹੀ ਥਾਂ ਨਰਕ ਬਣ ਜਾਂਦੀ ਹੈ ।

ਜਾਗੀਰਦਾਰ : ਉਫ਼ ! ਤੁਸੀਂ ਦੋ ਹੱਟੇ ਕੱਟੇ ਖ਼ਾਦਿਮ ਮੈਨੂੰ ਚੁਕ ਨਹੀਂ ਸਕਦੇ ?

ਇਕ ਖ਼ਾਦਿਮ : ਹਜ਼ੂਰ ਤੁਹਾਨੂੰ ਚੁੱਕਣ ਲਈ ਚਾਰ ਬੰਦਿਆਂ ਦੀ ਲੋੜ ਹੈ ।

ਜਗੀਰਦਾਰ : ਬਕਵਾਸ ਬੰਦ ਕਰੋ ! ਚਲੋ ।

ਜਗੀਰਦਾਰ ਤਲਵਾਰ ਫੜ ਕੇ ਉਹਨਾਂ ਦੇ ਮੋਢਿਆਂ ਉਤੇ ਬੈਠ ਜਾਂਦਾ ਹੈ । ਉਹ ਦੋਵੇਂ ਤਾਲ ਵਿਚ ਕਾਹਲੇ ਕਾਹਲੇ ਕਦਮ ਚੁਕਦੇ ਬਾਹਰ ਨਿਕਲ ਜਾਂਦੇ ਹਨ ।

ਮਰਦਾਨਾ : (ਹੱਸਦਾ ਹੈ) ਇਹ ਜਿਉਂਦੀ ਲਾਸ਼ ਸੀ । ਭਾਵੇਂ ਮੈਂ ਕਈ ਵਾਰ ਭੁੱਖਾ ਰਹਿੰਦਾ ਹਾਂ, ਪਰ ਇਸ ਜਗੀਰਦਾਰ ਵਾਂਗ ਖਾ ਕੇ ਮੋਟਾ ਹੋਣਾ ਪਾਪ ਸਮਝਦਾ ਹਾਂ । ਇਸ ਨੂੰ ਦੇਖ ਕੇ ਮੇਰੀ ਭੁੱਖ ਮਰ ਗਈ । ਹੀਰੇ-ਜੜੇ ਪਲੰਘ ਹੋਣ, ਸੁਚੀ ਸੇਜ ਵਿਛੀ ਹੋਵੇ ਤੇ ਉਤੇ ਕਾਮਨੀ ਬੈਠੀ ਹੋਵੇ, ਤਾਂ ਵੀ ਮੈਂ ਆਪਣੇ ਸੱਚੇ ਸਾਹਿਬ ਨੂੰ ਨਾ ਭੁੱਲਾਂ ।

(ਮਰਦਾਨਾ ਤੁਰਦਾ ਹੈ ਤਾਂ ਰਬਾਬ ਦੇ ਸੁਰ ਗੂੰਜਦੇ ਹਨ ।)

ਉਹ ਗੋਲ ਘੜ੍ਹੇ ਦਾ ਚੱਕਰ ਕੱਟ ਕੇ ਮੰਚ ਦੇ ਅਗੇਤਰ ਵਿਚ ਆਉਂਦਾ ਹੈ ।

ਮਰਦਾਨਾ : ਕਈ ਕੋਹ ਤੁਰਨ ਪਿਛੋਂ ਅੱਜ ਅਸੀਂ ਪੂਰਬ ਦੇ ਸੰਦਲੀ ਦੇਸ ਵਿਚ ਪਹੁੰਚ ਗਏ ਹਾਂ । ਬਹੁਤ ਲੰਮੀ ਯਾਤ੍ਰਾ ਕੀਤੀ । ਭੁੱਖ ਲੱਗ ਪਈ ਏ । ਗੁਰੂ ਅੰਤਰ ਧਿਆਨ ਹੋਏ ਬੈਠੇ ਨੇ । ਉਹਨਾਂ ਦਾ ਹੁਕਮ ਹੋਇਆ ਕਿ ਮੈਂ ਇਸ ਦੇਸ ਦੀ ਰਾਣੀ ਦੇ ਮਹਿਲ ਵਿਚੋਂ ਭਿੱਖਿਆ ਲਿਆਵਾਂ । ਉਹਨਾਂ ਨੂੰ ਤਾਂ ਭੋਜਨ ਦੀ ਘੱਟ ਹੀ ਲੋੜ ਹੁੰਦੀ ਹੈ । ਰੱਬੀ ਜੋਤ ਜੁ ਹੋਏ । ਪਰ ਮੈਂ ਭੁੱਖਾ ਮਰ ਗਿਆ । ਜੰਗਲਾਂ ਵਿਚ ਤੁਰਦੇ ਦੇ ਪੈਰਾਂ ਵਿਚ ਛਾਲੇ ਪੈ ਗਏ । ਮੇਰੀਆਂ ਅੰਤੜੀਆਂ ਕੁਲ੍ਹੂਅੱਲਾਹ ਪੜ੍ਹ ਰਹੀਆਂ ਹਨ ।

ਮਲਿਕਾ ਨੂਰਸ਼ਾਹ, ਉਸ ਦੀਆਂ ਛਤਰ-ਦਾਸੀਆਂ, ਬਾਂਦੀਆਂ ਤੇ ਸਹੇਲੀਆਂ ਦਾ ਜਲੂਸ ਦਰਸ਼ਕਾਂ ਦੇ ਵਿਚਕਾਰ ਲੰਘਦਾ ਹੋਇਆ ਆਉਂਦਾ ਹੈ ।

ਮਰਦਾਨਾ : ਸੁਣਿਐ ਇਸ ਦੇਸ਼ ਦੀਆਂ ਸੁੰਦਰੀਆਂ ਜਾਦੂਗਰਨੀਆਂ ਹਨ । ਆਦਮੀਆਂ ਨੂੰ ਮੱਖੀ ਬਣਾ ਕੇ ਕੰਧ ਉਤੇ ਬਿਠਾ ਦੇਂਦੀਆਂ ਹਨ, ਤੋਤਾ ਬਣਾ ਕੇ ਪਿੰਜਰੇ ਵਿਚ ਬੰਦ ਕਰ ਦੇਂਦੀਆਂ ਹਨ । ਜੇ ਚਾਹੁਣ ਤਾਂ ਆਦਮੀ ਨੂੰ ਭੇਡੂ ਵੀ ਬਣਾ ਦੇਂਦੀਆਂ ਹਨ । ਮੈਂ ਚਲ ਕੇ ਗੁਰੂ ਨੂੰ ਪੁੱਛਾਂ ।

(ਮਰਦਾਨਾ ਤੇਜ਼ੀ ਨਾਲ ਨਿਕਲ ਜਾਂਦਾ ਹੈ ।)

## ਦ੍ਰਿਸ਼ ਸੱਤਵਾਂ

ਮਲਿਕਾ ਨੂਰਸ਼ਾਹ ਦਾ ਪ੍ਰਵੇਸ਼ । ਅੱਗੇ ਅੱਗੇ ਦੋ ਦੀਪ-ਧਾਰਨੀਆਂ ਚਲਦੀਆਂ ਹਨ । ਦੋ ਦੁਆਰ-ਪਾਲਕਾਵਾਂ ਨੇ ਹੱਥ ਵਿਚ ਨੇਜ਼ੇ ਫੜੇ ਹੋਏ ਹਨ । ਮਲਿਕਾ ਨੂਰਸ਼ਾਹ ਨੇ ਪੂਰਾ ਸ਼ਿੰਗਾਰ ਕੀਤਾ ਹੋਇਆ ਹੈ । ਵਾਲਾਂ ਵਿਚ ਫੁੱਲ ਤੇ ਗਲੇ ਵਿਚ ਪੁਸ਼ਪ-ਮਾਲਾਵਾਂ ਹਨ । ਉਸ ਦੇ ਪਿਛੇ ਛਤਰ-ਦਾਸੀ ਹੈ ਤੇ ਛੇ ਸਖੀਆਂ । ਉਹ ਮੰਚ ਤੇ ਆ ਕੇ ਗੋਲ ਥੜੇ ਉਤੇ ਪਏ ਰਾਜ ਸਿੰਘਾਸਣ ਉਤੇ ਬੈਠ ਜਾਂਦੀ ਹੈ ।

ਮਲਿਕਾ : ਅੱਜ ਪੂਰਨਮਾਸ਼ੀ ਹੈ । ਅਸੀਂ ਚੰਦਰ ਦੇਵਤਾ ਨੂੰ ਅਰਘ ਚੜ੍ਹਾਉਣਾ ਹੈ । ਉਹ ਸਾਡੀ ਵਾਦੀ ਤੇ ਵਾਦੀ ਦੀਆਂ ਕੰਜ-ਕੁਆਰੀਆਂ ਦੀ ਰਖਸ਼ਾ ਕਰਦਾ ਹੈ । ਉਸ ਦੇ ਨਮਿਤ ਅਜ ਅਸੀਂ ਰਾਸ ਰਚਾਵਾਂਗੀਆਂ ।

ਮਿਰਦੰਗ, ਬੰਸਰੀ ਤੇ ਨਿੱਕੇ ਛੈਣਿਆਂ ਦੀ ਆਵਾਜ਼ ਸੁਣਾਈ ਦੇਂਦੀ ਹੈ ।

ਛੇ ਸਖੀਆਂ ਚੰਦਰਮਾ ਦੀ ਪੂਜਾ ਦਾ ਨਾਚ ਕਰਦੀਆਂ ਹਨ । ਇਸ ਨਾਚ ਵਿਚ ਮਲਿਕਾ ਨੂਰਸ਼ਾਹ ਚੰਦਰਮਾ ਹੈ ਤੇ ਬਾਕੀ ਦੀਆਂ ਸਖੀਆਂ ਤਾਰੇ ।

ਤੀਵੀਆਂ ਦਾ ਕੋਰਸ ਗੀਤ ਗਾਉਂਦਾ ਹੈ । ਨਾਚ ਪਿਛੋਂ ਸਖੀਆਂ ਇਕ ਵਿਉਂਤ ਅਨੁਸਾਰ ਬੈਠ ਜਾਂਦੀਆਂ ਹਨ ।

ਮਰਦਾਨਾ ਓਸੇ ਪਾਸਿਉਂ ਦਾਖ਼ਿਲ ਹੁੰਦਾ ਹੈ ਜਿਸ ਪਾਸਿਓਂ ਗਿਆ ਸੀ ।

ਮਰਦਾਨਾ : ਸ਼ਾਇਦ ਇਹੋ ਕਾਮ-ਰੂਪ ਦੇਸ ਦੀ ਰਾਣੀ ਦਾ ਮਹਿਲ ਹੈ । ਪੁੱਛ ਕੇ ਦੇਖਾਂ । ਇਹ ਦੋ ਪਹਿਰੇਦਾਰ ਖੜੇ ਹਨ । ਤੀਵੀਆਂ ਨੇ ਕਿ ਆਦਮੀ ? ਕਿ ਪੱਥਰ

ਦੀਆਂ ਮੂਰਤੀਆਂ ? ਮੈਂ ਇਹਨਾਂ ਨੂੰ ਇਸ਼ਾਰੇ ਕਰਦਾ ਹਾਂ , ਪਰ ਇਹ ਪਲਕ ਵੀ ਨਹੀਂ ਝਪਕਦੀਆਂ ।

(ਇਕ ਦੇ ਮੋਢੇ ਨੂੰ ਹੱਥ ਨਾਲ ਟਕੋਰ ਕੇ )

ਤੁਸੀਂ ਪੱਥਰ ਦੀਆਂ ਹੋ ਕਿ ਸੱਚਮੁਚ ਦੀਆਂ ?

ਦੋਵੇਂ ਦੁਆਰ-ਪਾਲਿਕਾਵਾਂ : (ਨੇਜ਼ੇ ਜ਼ਮੀਨ ਤੇ ਮਾਰ ਕੇ) ਕੌਣ ਏਂ ਤੂੰ ?

(ਮਰਦਾਨਾ ਤ੍ਰਭਕ ਕੇ ਡਿਗ ਪੈਂਦਾ ਹੈ ।)

ਮਰਦਾਨਾ : ਕੌਣ ਆਂ ਮੈਂ ? ਕਿਹੋ ਜਿਹੀਆਂ ਬਾਂਸ ਦੀ ਪੋਰੀ ਵਰਗੀਆਂ ਆਵਾਜ਼ਾਂ ਨੇ । ਜ਼ਰਾ-ਬਕਤਰ, ਸ਼ਸਤਰ ਤੇ ਭੇਸ ਆਦਮੀਆਂ ਵਾਲਾ, ਪਰ ਆਵਾਜ਼ — ਕੌਣ ਏਂ ਤੂੰ — (ਸਾਂਗ ਲਾਉਂਦਾ ਹੈ) ਪਹਿਲਾਂ ਮੈਨੂੰ ਦੱਸੋ ਕਿ ਤੁਸੀਂ ਕੌਣ ਹੋ ?

ਦੁਆਰ-ਪਾਲਿਕਾ : ਮਲਿਕਾ ਨੂਰਸ਼ਾਹ ਦੇ ਰਾਜ ਦੀਆਂ ਦੁਆਰ-ਪਾਲਿਕਾਵਾਂ । ਇਸ ਹੱਦ ਤੋਂ ਅਗੇ ਕੋਈ ਮਰਦ ਨਹੀਂ ਜਾ ਸਕਦਾ । ਏਥੇ ਨਾਰੀ ਹੀ ਰਾਜ ਹੈ ਤੇ ਨਾਰੀ ਹੀ ਪਰਜਾ ।

ਮਰਦਾਨਾ : ਕੀ ਤੁਹਾਡੇ ਰਾਜ ਵਿਚ ਕੋਈ ਵੀ ਪੁਰਸ਼ ਨਹੀਂ ? ਤੇ ਫੇਰ ਤੁਸੀਂ...... ਤੁਹਾਡੇ ਰਾਜ ਵਿਚ ਕੋਈ ਵੀ ਬੱਚਾ ਨਹੀਂ ?

ਦੁਆਰ-ਪਾਲਿਕਾ : ਸਿਰਫ਼ ਕੁਆਰ-ਕੰਜਕਾਂ ਨੂੰ ਰਹਿਣ ਦੀ ਆਗਿਆ ਹੈ ।

ਮਰਦਾਨਾ : ਤੁਹਾਡੀ ਰਕਸ਼ਾ ਕੌਣ ਕਰਦਾ ਹੈ ।

ਦੁਆਰ-ਪਾਲਿਕਾ : ਅਸੀਂ ਆਪਣੀ ਰਕਸ਼ਾ ਆਪ ਕਰਦੀਆਂ ਹਾਂ — ਚਤੁਰਾਈ ਤੇ ਸਿਆਣਪ ਨਾਲ ।

ਮਰਦਾਨਾ : ਤ੍ਰੀਆ ਚਰਿੱਤਰ !

ਦੁਆਰ-ਪਾਲਿਕਾ : ਖ਼ਬਰਦਾਰ ਜੇ ਅਗੇ ਵਧਿਆ ।

(ਨੇਜ਼ਾ ਚੁਕਦੀਆਂ ਹਨ ਤੇ ਮਰਦਾਨਾ ਪਿਛੇ ਹਟ ਜਾਂਦਾ ਹੈ ।)

ਮਰਦਾਨਾ : ਇਹ ਤੀਵੀਆਂ ਨੇ ਕਿ ਸ਼ੇਰਨੀਆਂ ? ਮੇਰੇ ਵਰਗੇ ਫ਼ਕੀਰ ਨੂੰ ਵੀ ਨੇਜ਼ਾ ਚੁੱਕ ਕੇ ਆਉਂਦੀਆਂ ਨੇ, ਤੇ ਮੈਂ ਇਹਨਾਂ ਤੋਂ ਭਿਖਿਆ ਮੰਗਣ ਆਇਆਂ ।

ਦੁਆਰ-ਪਾਲਿਕਾ : ਤੂੰ ਕੋਈ ਦਰਵੇਸ਼ ਹੈਂ ?

ਮਰਦਾਨਾ : ਇਹ ਤਾਂ ਪਤਾ ਨਹੀਂ, ਪਰ ਮੈਂ ਇਕ ਸ਼ਹਿਨਸ਼ਾਹ ਦਰਵੇਸ਼ ਦਾ ਚੇਲਾ ਹਾਂ ।

ਦੁਆਰ-ਪਾਲਿਕਾ : (ਇਕ ਦੂਜੀ ਨੂੰ ਸੈਣਤ ਕਰ ਕੇ) ਜੇ ਦਰਵੇਸ਼ ਜਾਂ ਸਾਧੂ ਮਹਾਰਾਜ ਦੇ ਚੇਲੇ ਹੋ ਤਾਂ ਪਧਾਰੋ । ਅਸੀਂ ਕਿਸੇ ਸੰਤ ਭਿਖਸ਼ੂ ਲਈ ਮਹਿਲ ਦੇ ਦਰਵਾਜ਼ੇ ਨਹੀਂ ਰੋਕਦੀਆਂ । ਧੰਨ ਭਾਗ ਸਾਡੇ......ਆਓ !

ਮਰਦਾਨਾ ਦਾਖ਼ਿਲ ਹੁੰਦਾ ਹੈ । ਦੁਆਰ ਪਾਲਕਾਵਾਂ ਇਕ ਦੂਜੀ ਦੇ ਕੰਨ ਵਿਚ ਕੁਝ ਆਖਦੀਆਂ ਹਨ ਤੇ ਹਸਦੀਆਂ ਹਨ ।

ਦੁਆਰ-ਪਾਲਿਕਾ : ਮਹਾਰਾਣੀ ਜੀ, ਇਕ ਦਰਵੇਸ਼ ਸਾਧੂ ਮਿਲਣ ਲਈ ਆਇਆ ਹੈ ।

ਮਲਿਕਾ : ਕੀ ਹੁਕਮ ਹੈ, ਸਾਧੂ ਮਹਾਰਾਜ ?

ਮਰਦਾਨਾ : ਹੁਕਮ ਮੇਰੇ ਗੁਰੂ ਦਾ — ਮੈਂ ਸਿਰਫ਼ ਸੇਵਕ ਹਾਂ । ਗੁਰੂ ਨੇ ਆਖਿਆ ਹੈ ਕਿ ਮੈਂ ਉਹਨਾਂ ਦੇ ਬਚਨ ਹਰ ਥਾਂ ਫੈਲਾਵਾਂ । ਤੁਹਾਡੀ ਰਾਜਧਾਨੀ ਵਿਚ ਵੀ ਉਹਨਾਂ ਦੀ ਅਸੀਸ ਨਾਲ ਹੀ ਆਇਆ ਹਾਂ । ਉਹ ਜੰਗਲ ਵਿਚ ਬੈਠੇ ਹਨ, ਤੇ ਮੈਂ......ਇਸ ਬਾਗ਼ ਵਿਚ ਫੁੱਲਾਂ ਦੀ ਕਿਤਨੀ ਮਹਿਕ ਹੈ । ਚੰਗੇ ਪਕਵਾਨਾਂ ਦੀ ਸੁਗੰਧੀ ਆ ਰਹੀ ਹੈ । ਮੇਰੇ ਮੂੰਹ ਵਿਚ ਪਾਣੀ ਭਰ ਆਇਐ । ਪੰਜਾਬ ਦੇਸ ਨੂੰ ਛਡਿਆਂ ਕਈ ਸਾਲ ਬੀਤ ਗਏ......ਓਥੋਂ ਤੇ ਮਘਦੇ ਹੋਏ ਤੰਦੂਰ, ਰੁੜ੍ਹੀਆਂ ਹੋਈਆਂ ਰੋਟੀਆਂ ਤੇ ਭੁੰਨਿਆਂ ਹੋਇਆਂ ਗੋਸ਼ਤ...... ਗੁਰੂ ਦੇ ਨਾਲ ਹਰਦਵਾਰ; ਕਾਂਸ਼ੀ, ਪ੍ਰਯਾਗ ਦੇ ਦਰਸ਼ਨ ਕੀਤੇ । ਕਦੇ ਗੋਸ਼ਤ ਖਾਣ ਨੂੰ ਨਾ ਮਿਲਿਆ । (ਮਲਿਕਾ ਨੂੰ) ਭਾਗਸ਼ਾਲੀ ਮਹਾਰਾਣੀ ਮੈਂ ਆਪਣੇ ਗੁਰੂ ਲਈ ਭੋਜਨ ਲੈਣ ਆਇਆ ਹਾਂ ।

ਮਲਿਕਾ : ਇਸ ਦਰਵੇਸ਼ ਨੂੰ ਸ਼ਾਹੀ ਭੋਜਨ ਦਿਉ ਤੇ ਇਸ ਦਾ ਨ੍ਰਿਤ ਤੇ ਪੁਸ਼ਪ ਮਾਲਾਵਾਂ ਨਾਲ ਸਵਾਗਤ ਕਰੋ ।

ਦੁਆਰ-ਪਾਲਿਕਾ : ਆਓ ਮਹਾਰਾਜ !

ਉਹ ਅਗੇ ਅਗੇ ਤੁਰਦੀਆਂ, ਬਾਗ਼ ਦੇ ਫੁੱਲ ਤੋੜਦੀਆਂ ਤੇ ਹਾਰ ਗੁੰਦਦੀਆਂ ਹਨ । ਤੇ ਇਹ ਹਾਰ ਮਰਦਾਨੇ ਦੇ ਗਲੇ ਵਿਚ ਪਾਉਂਦੀਆਂ ਹਨ ।

ਮਲਿਕਾ : ਮਹਿਲ ਵਿਚ ਲੈ ਜਾ ਕੇ ਇਹਨਾਂ ਨੂੰ ਚੰਦਨ ਤੇ ਮੁਸ਼ਕਪੂਰ ਦੇ ਵਟਣੇ ਨਾਲ ਇਸ਼ਨਾਨ ਕਰਾਓ । ਕੇਸਰੀ ਚਾਵਲ, ਜੰਗਲੀ ਸ਼ਹਿਦ ਤੇ ਹਿਰਨ ਦਾ ਮਾਸ ਦਿਓ ।

ਦੁਆਰ-ਪਾਲਿਕਾ : ਆਓ ਮਹਾਰਾਜ !

(ਉਹ ਮਹਿਲ ਅੰਦਰ ਚਲੇ ਜਾਂਦੇ ਹਨ ।)

ਮਲਿਕਾ : ਬਹੁਤ ਸਿਧਾ ਸਾਦਾ ਭਗਤ ਜਾਪਦਾ ਹੈ। ਇਹਨਾਂ ਸਾਧੂ ਮਹਾਰਾਜ ਜੀ ਦਾ ਇਮਤਿਹਾਨ ਪੂਰੀ ਤਰ੍ਹਾਂ ਲੀਤਾ ਜਾਵੇ। ਚੇਤਨਯ ਮਹਾਪ੍ਰਭੂ ਦੇ ਚੇਲੇ ਜਦ ਇਥੇ ਆਏ, ਤਾਂ ਤੁਹਾਡੇ ਰੂਪ ਨੇ ਉਹਨਾਂ ਨੂੰ ਮੋਹ ਲਿਆ ਸੀ ਤੇ ਉਹਨਾਂ ਨੂੰ ਸਾਰੀ ਭਗਤੀ ਭੁੱਲ ਗਈ ਸੀ। ਇਸ ਨੂੰ ਜੇ ਮੋਹ ਮਾਇਆ ਵਿਚ ਨੂੜ ਲਓ ਤਾਂ ਮੈਂ ਤੁਹਾਨੂੰ ਇਨਾਮ ਦੇਵਾਂਗੀ। ਬਸ ਅਜਿਹਾ ਜਾਦੂ ਕਰੋ ਕਿ ਆਪਣੇ ਗੁਰੂ ਨੂੰ ਭੁੱਲ ਜਾਵੇ।

ਸਖੀਆਂ : ਇਸੇ ਤਰ੍ਹਾਂ ਹੋਵੇਗਾ।

ਨੂਰਸ਼ਾਹ ਜਾਂਦੀ ਹੈ। ਉਸ ਦੀਆਂ ਛਤਰ-ਦਾਸੀਆਂ ਉਸ ਦੇ ਪਿੱਛੇ ਪਿੱਛੇ ਚਲੀਆਂ ਜਾਂਦੀਆਂ ਹਨ। ਮਰਦਾਨਾ ਦੂਜੇ ਪਾਸਿਓਂ ਦੁਆਰ-ਪਾਲਿਕਾਵਾਂ ਨਾਲ ਮੁਗਧ ਅਵਸਥਾ ਵਿਚ ਦਾਖ਼ਿਲ ਹੁੰਦਾ ਹੈ।

ਮਰਦਾਨਾ : ਬੜੇ ਚਿਰ ਪਿਛੋਂ ਅਜਿਹਾ ਖਾਣਾ ਨਸੀਬ ਹੋਇਆ। ਗੁਰੂ ਦੇ ਪਿੱਛੇ ਲਗ ਕੇ ਭੁੱਖੇ ਮਰ ਗਏ। ਜੰਗਲਾਂ ਦਾ ਸਫ਼ਰ, ਪਰਬਤਾਂ ਤੇ ਥਲਾਂ ਨੂੰ ਗਾਹੁੰਦੇ ਫਿਰੇ। ਇਥੇ ਆਨੰਦ ਹੈ। ਕੁਝ ਦਿਨ ਟਿਕਾਂਗਾ। ਗੁਰੂ ਕੋਲੇ ਕਿਉਂ ਜਾਵਾਂ ? ਮੇਰੀਆਂ ਤਾਂ ਹੜਬਾਂ ਨਿਕਲ ਆਈਆਂ। ਇਥੇ ਰਾਗ ਰੰਗ ਹੈ, ਖ਼ੁਸ਼ੀ ਹੈ, ਸੁੰਦਰੀਆਂ ਹਨ। ਕਿਵੇਂ ਹਿਰਨੀਆਂ ਵਾਂਗ ਫਿਰਦੀਆਂ ਹਨ। ਇਸ ਬਾਗ ਵਿਚ ਰਤਾ ਆਰਾਮ ਕਰਾਂ।

ਦੁਆਰ-ਪਾਲਿਕਾ : ਵਿਸ਼ਰਾਮ ਕਰੋ ਮਹਾਰਾਜ, ਦਾਸੀਆਂ ਤੁਹਾਨੂੰ ਚੰਵਰ ਕਰਨਗੀਆਂ।

ਮਰਦਾਨਾ ਲੇਟ ਜਾਂਦਾ ਹੈ। ਦਵਾਰ-ਪਾਲਿਕਾਵਾਂ ਚੰਵਰ ਕਰਦੀਆਂ ਹਨ।

ਦੁਆਰ-ਪਾਲਿਕਾ : ਕਿਵੇਂ ਘੂਕ ਸੁੱਤਾ ਪਿਆ ਹੈ ? ਦੀਨ ਦੁਨੀਆ ਤੋਂ ਬੇਸੁਧ। ਆਓ ਰਲ ਕੇ ਇਸ ਦਾ ਭੇਡੂ ਬਣਾਈਏ।

ਦੂਜੀ : ਨਹੀਂ, ਤੋਤਾ।

ਪਹਿਲੀ : ਨਹੀਂ, ਭੇਡੂ ਠੀਕ ਰਹੇਗਾ। ਮੈਂ ਇਸ ਰੇਸ਼ਮੀ ਰੱਸੀ ਨਾਲ ਇਸ ਦੇ ਹੱਥ ਬੰਨ੍ਹ ਦੇਂਦੀ ਆਂ। ਤੂੰ ਪੈਰ ਬੰਨ੍ਹ ਦੇ।

ਦੋਵੇਂ ਸੁੱਤੇ ਪਏ ਮਰਦਾਨੇ ਦੇ ਹੱਥ ਪੈਰ ਬੰਨ੍ਹ ਦੇਂਦੀਆਂ ਹਨ ਤੇ ਹਸਦੀਆਂ ਹਨ। ਮਰਦਾਨਾ ਜਾਗ ਪੈਂਦਾ ਹੈ ਤੇ ਅੰਗੜਾਈਆਂ ਲੈਣ ਦੀ ਕੋਸ਼ਿਸ਼ ਕਰਦਾ ਹੈ। ਆਪਣੇ ਹੱਥ ਪੈਰ ਬੰਨ੍ਹੇ ਦੇਖ ਕੇ ਉਹ ਭੇਡੂ ਵਾਂਗ ਮਿਆਂਕਦਾ ਹੈ।

ਮਰਦਾਨਾ : ਓ ਰੂਪਵਤੀਓ ! ਸੁੰਦਰੀਓ ! ਕੰਜ ਕੁਆਰੀਓ ! ਮਨਮੋਹਨੀਓ ! ਕਾਮਨੀਓ, ਦਾਮਨੀਓ ! ਰਾਖਸ਼ਸਨੀਓ ! ਮੈਨੂੰ ਛੁਡਾਓ !

ਦੁਆਰ-ਪਾਲਿਕਾ : ਕੀ ਹੁਕਮ ਐ, ਮਹਾਰਾਜ ?

ਮਰਦਾਨਾ : ਮੇਰੇ ਹੱਥ ਪੈਰ ਬੰਨ੍ਹੇ ਗਏ । ਇਹਨਾਂ ਨੂੰ ਖੋਲ੍ਹੋ ।

ਦੁਆਰ-ਪਾਲਿਕਾ : ਕੌਣ ਬੰਨ੍ਹ ਗਿਆ ਤੁਹਾਡੇ ਹੱਥ ਪੈਰ ? ਉਸ ਨੂੰ ਪੂਰੀ ਪੂਰੀ ਸਜ਼ਾ ਦਿਤੀ ਜਾਏਗੀ ।

ਮਰਦਾਨਾ : ਮੇਰੇ ਤੇ ਰਹਿਮ ਕਰੋ । ਮੈਂ ਤੁਹਾਡਾ ਮਿਹਮਾਨ ਬਣ ਕੇ ਆਇਆ ਸਾਂ । ਤੁਸੀਂ ਮੇਰਾ ਇਤਨਾ ਅੱਛਾ ਸੁਆਗਤ ਕੀਤਾ, ਤੇ ਹੁਣ ਇਹ ਹਾਲ ? ਧੋਖਾ । ਤੁਸੀਂ ਹੱਸ ਰਹੀਆਂ ਓ, ਚੁੜੇਲੋ । ਰੱਬ ਕਰੇ ਤੁਹਾਨੂੰ ਅਗਲੇ ਜਹਾਨ ਵਿਚ ਵੀ ਕੋਈ ਖਸਮ ਨਾ ਜੁੜੇ ! ਮੈਂ ਮਿੰਨਤ ਕਰਦਾ ਹਾਂ...ਮੈਨੂੰ ਆਜ਼ਾਦ ਕਰ ਦਿਓ ! ਦੇਖੋ । ਮੇਰੀ ਗੱਲ ਸੁਣੋ । ਮੈਂ ਤੁਹਾਨੂੰ ਅਸੀਸ ਦਿਆਂਗਾ । ਸੁਣੋ ! ਰੱਬ ਤੁਹਾਨੂੰ ਚੰਗਾ ਸੁਹਣਾ ਛੈਲ ਗਭਰੂ ਪਤੀ ਦੇਵੇ । ਨਹੀਂ ! ਹੁਣ ਵੀ ਹੱਸਦੀਆਂ ਓ ? ਤੁਸੀਂ ਮੇਰੇ ਉਤੇ ਕੀ ਧੂੜ ਦਿਤਾ ? ਜਾਦੂਗਰਨੀਓ ? ਮੈਨੂੰ ਆਜ਼ਾਦ ਕਰੋ । ਮੈਂ ਕਿਤੇ ਸੁਫਨਾ ਤਾਂ ਨਹੀਂ ਦੇਖ ਰਿਹਾ ? ਕੀ ਮੈਂ "ਮੈਂ" ਹੀ ਹਾਂ ਕਿ ਕੋਈ ਹੋਰ ? ਕੀ ਹੁਣ ਮੈਨੂੰ ਇਸੇ ਤਰ੍ਹਾਂ ਭੇਡੂ ਵਾਂਗ ਮਿਆਂਕਣਾ ਪਵੇਗਾ । (ਮਿਆਂਕਦਾ ਹੈ) ਇਹ ਤਾਂ ਮੇਰੀ ਗੱਲ ਹੀ ਨਹੀਂ ਸੁਣਦੀਆਂ । ਮੇਰੀ ਬੋਲੀ ਵੀ ਸ਼ਾਇਦ ਨਹੀਂ ਸਮਝਦੀਆਂ । ਕੀ ਕਰਾਂ ? ਹੇ ਗੁਰੂ । ਮੈਨੂੰ ਮੁਆਫ਼ ਕਰੀਂ । ਮੈਂ ਤੈਨੂੰ ਭੁਲਾ ਬੈਠਾ ਸਾਂ । ਤੇਰੇ ਬਜਨ, ਤੇਰੀ ਬਾਣੀ, ਤੇਰੀ ਮਿਹਰ । ਮੈਂ ਤੇਰੇ ਚਰਨੀਂ ਪੈਂਦਾ ਹਾਂ । ਇਸ ਮੁਸੀਬਤ ਵਿਚੋਂ ਕੱਢ। ਫਿਰ ਕਦੇ ਵੀ ਅਹਿਜੀ ਭੁੱਲ ਨਹੀਂ ਹੋਵੇਗੀ । ਇਸ ਮੋਹ ਮਾਇਆ ਦੇ ਜਾਲ ਨੂੰ ਕੱਟ । ਮੈਨੂੰ ਬਚਾ ।

ਉਹ ਝੁਕ ਕੇ ਗੁਰੂ ਦਾ ਧਿਆਨ ਕਰਦਾ ਹੈ । ਉਸ ਦੇ ਹੱਥਾਂ ਪੈਰਾਂ ਦੀਆਂ ਰੱਸੀਆਂ ਇਕਦਮ ਟੁੱਟ ਜਾਂਦੀਆਂ ਹਨ ਤੇ ਉਹ ਆਜ਼ਾਦ ਹੋ ਜਾਂਦਾ ਹੈ । ਰੋਸ਼ਨੀ ਦਾ ਚੱਕਰ ਮਰਦਾਨੇ ਉਤੇ ਹੀ ਕੇਂਦ੍ਰਿਤ ਹੈ। ਬਾਕੀ ਸਾਰੀ ਸਟੇਜ ਉਤੇ ਹਨੇਰਾ ਹੈ। ਜਦ ਦੁਬਾਰਾ ਰੋਸ਼ਨੀ ਫੈਲਦੀ ਹੈ ਤਾਂ ਕਾਮ-ਰੂਪ ਦੀਆਂ ਸੁੰਦਰੀਆਂ ਅਲੋਪ ਹੋ ਚੁੱਕੀਆਂ ਹਨ ।

ਮਰਦਾਨਾ : ਸਭ ਕੁਝ ਅਲੋਪ ਹੋ ਗਿਆ । ਰਾਣੀ ਦਾ ਮਹਿਲ ਤੇ ਉਪਵਣ ਕਿਧਰ ਗਏ ? ਇਹ ਸਭ ਕੁਝ ਸੱਚ ਸੀ ਕਿ ਮੇਰੇ ਗੁਰੂ ਦਾ ਚਮਤਕਾਰ ?

ਸ਼ਾਇਦ ਮੈਂ ਕਾਮਰੂਪ ਦੀ ਰਾਣੀ ਦੇ ਮਹਿਲ ਵਿਚ ਗਿਆ ਹੀ ਨਹੀਂ। (ਆਪਣਾ ਕੌਲਾ ਦੇਖਦਾ ਹੈ।) ਪਰ ਮੇਰਾ ਕੌਲਾ ਭੋਜਨ ਨਾਲ ਭਰਿਆ ਹੋਇਆ ਹੈ। ਉਸ ਦੀਆਂ ਓਹੋ ਜਾਣੇ। ਮੈਂ ਹੁਣ ਗੁਰੂ ਕੋਲ ਚੱਲਾਂ। ਜਦ ਮੈਂ ਸੁਖੀ ਹੋਇਆ ਤਾਂ ਗੁਰੂ ਨੂੰ ਭੁੱਲ ਗਿਆ। ਜਦ ਬਿਪਤਾ ਪਈ ਤਾਂ ਗੁਰੂ ਯਾਦ ਆਇਆ। ਉਸ ਦਾ ਨਾਂ ਜੀਭ ਉਤੇ ਆਉਂਦੇ ਹੀ ਸਭ ਦੁਖ ਹਰੇ ਗਏ। ਉਸ ਦੀ ਮਿਹਰ ਦਾ ਹੱਥ ਹਰ ਥਾਂ ਮੇਰੇ ਉਤੇ ਹੈ। ਮੈਂ ਚਲ ਕੇ ਉਸ ਦੇ ਦਰਸ਼ਨ ਕਰਾਂ।

(ਮਰਦਾਨਾ ਜਾਂਦਾ ਹੈ)

ਤੀਵੀਆਂ ਦਾ ਕੋਰਸ :

ਤੂੰ ਵਿਸਰਹਿ ਤਾਂ ਸਭ ਕੋ ਲਾਗੂ ਚੀਤਿ ਆਵੇ ਤਾਂ ਸੇਵਾ ॥
ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ ॥
ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ ॥
ਬੁਰਾ ਭਲਾ ਕਹੁ ਕਿਸਨੋ ਕਹੀਐ ਸਗਲੇ ਜੀਅ ਤੁਮਾਰੇ ॥
ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ ॥
ਜਿਸ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਊ ਭਾਖੈ ॥
ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥
ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ ॥
ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡ ਸਭੁ ਤੇਰਾ ॥
ਕਹੁ ਨਾਨਕ ਤੇਰੀ ਵਡਿਆਈ ਕੋਈ ਨਾਮ ਨਾ ਜਾਣੇ ਮੇਰਾ ॥

(ਹਨੇਰਾ)

## ਦ੍ਰਿਸ਼ ਅੱਠਵਾਂ

ਜਗਨ ਨਾਥ ਦੀ ਮੂਰਤੀ ਤੇ ਮੰਦਿਰ ਆਕਾਸ਼ੀ-ਪੱਟ ਉਤੇ ਉਘੜੇ ਹੋਏ ਨਜ਼ਰ ਆਉਂਦੇ ਹਨ। ਦੋ ਪੰਡੇ ਆਲਤੀ ਪਾਲਤੀ ਮਾਰੀ ਬੈਠੇ ਹਨ। ਦੋ ਦੇਵ-ਦਾਸੀਆਂ ਸੰਖ ਵਜਾਉਂਦੀਆਂ ਹਨ।

ਭਗਤ ਨੰਗੇ ਪਿੰਡੇ ਜਨੇਊ ਪਾਈ ਤੇ ਤਿਲਕ ਲਾਈ ਮੱਥਾ

ਟੇਕਦੇ ਹਨ। ਤੀਵੀਆਂ ਪਿੱਤਲ ਦੇ ਗੜਵੇ ਤੇ ਪੂਜਾ ਦੇ ਥਾਲ ਫੜੀ ਲੰਘਦੀਆਂ ਹਨ।

ਬ੍ਰਾਹਮਣ : ਬੋਲੋ ਜਗਨ ਨਾਥ ਜੀ ਕੀ ਜੈ।

ਸਾਰੇ ਜਣੇ : ਜੈ!

ਬ੍ਰਾਹਮਣ ਆ ਕੇ ਪਰਨਾ ਨਚੋੜਦਾ ਹੈ ਤੇ ਜਲ ਦਾ ਛਿੱਟਾ ਦੇਂਦਾ ਹੈ। ਇਕ ਅਛੂਤ ਮੰਦਿਰ ਦੇ ਬਾਹਰ ਮੱਥਾ ਟੇਕ ਰਿਹਾ ਹੈ।

ਬ੍ਰਾਹਮਣ : ਛੀ, ਛੀ, ਛੀ, ਛੀ। ਥਾਂ ਭ੍ਰਸ਼ਟ ਕਰ ਦਿਤੀ। ਦੂਰ ਹਟ!

ਅਛੂਤ : ਬ੍ਰਾਹਮਣ ਮਹਾਰਾਜ, ਮੈਂ ਵੀ ਜਗਨ ਨਾਥ ਜੀ ਦੇ ਦਰਸ਼ਨ ਕਰਨ ਆਇਆ ਹਾਂ, ਮੇਰਾ ਬੱਚਾ ਮਰ ਰਿਹਾ ਹੈ।

ਬ੍ਰਾਹਮਣ : ਜਗਨ ਨਾਥ ਜੀ ਕੋਈ ਵੈਦ ਹਕੀਮ ਨੇ, ਜੋ ਤੇਰੇ ਬੱਚੇ ਨੂੰ ਬਚਾ ਲੈਣਗੇ। ਪਖੰਡੀ! ਝੂਠਾ! ਦੂਰ ਹਟ! ਸ਼ਿਵ ਸ਼ੰਭੂ, ਸ਼ਿਵ ਸ਼ੰਭੂ! ਅਜਿਹੇ ਪਵਿੱਤਰ ਅਸਥਾਨ ਉਤੇ ਵੀ ਅਛੂਤ ਆ ਮਰਦੇ ਨੇ! ਮੈਨੂੰ ਸਵੇਰੇ ਫੇਰ ਇਸ਼ਨਾਨ ਕਰਨਾ ਪਏਗਾ। ਹਟ ਇਕ ਪਾਸੇ!

ਅਛੂਤ ਇਕ ਪਾਸੇ ਹਟ ਕੇ ਮੱਥਾ ਟੇਕਦਾ ਹੈ ਤੇ ਚਲਾ ਜਾਂਦਾ ਹੈ।

ਯਾਤ੍ਰੀਆਂ ਦੀ ਭੀੜ ਜੁੜੀ ਹੋਈ ਹੈ। ਮੈਂ ਚਲ ਕੇ ਆਸਣ ਜਮਾਵਾਂ।

ਉਹ ਧੂਪ ਧੁਖਾਉਂਦਾ ਹੈ ਤੇ ਆਲਤੀ ਪਾਲਤੀ ਮਾਰ ਕੇ ਬੈਠ ਜਾਂਦਾ ਹੈ।

ਬ੍ਰਾਹਮਣ : ਜੋ ਜਗਨ ਨਾਥ ਜੀ ਅਗੇ ਮੱਥਾ ਟੇਕਦਾ ਹੈ ਉਸ ਦੀ ਮਨੋਕਾਮਨਾ ਪੂਰੀ ਹੋ ਜਾਂਦੀ। ਜੈ ਰਾਧੇ! ਜੈ ਬਲਰਾਮ!

(ਇਕ ਤੀਵੀਂ ਆ ਕੇ ਮੱਥਾ ਟੇਕਦੀ ਹੈ।)

ਤੀਵੀਂ : ਹੇ ਜਗਨ ਨਾਥ ਜੀ, ਕਿਸੇ ਦੇ ਘਰ ਪੁੱਤਰ ਭਾਵੇਂ ਭੈੜਾ ਹੋਵੇ ਪਰ ਗੁਆਂਢੀ ਭੈੜਾ ਨਾ ਹੋਵੇ। ਇਸ ਵੇਲੇ ਮੇਰੀ ਗੁਆਂਢਣ ਹੀ ਮੇਰੀ ਦੁਸ਼ਮਨ ਹੈ। ਤੇ ਇਹ ਦੁਸ਼ਮਨ ਹੈ ਕੌਣ......? ਮੇਰੀ ਆਪਣੀ ਸਕੀ ਦੇਵਰਾਣੀ। ਉਹ

ਨਪੁੱਤੀ ਹੈ। ਉਹਨਾਂ ਦੇ ਘਰ ਕੋਈ ਸੰਤਾਨ ਨਹੀਂ ਤੇ ਮੇਰੇ ਘਰ ਤਿੰਨ ਪੁੱਤਰ ਹਨ।

ਬ੍ਰਾਹਮਣ : ਜਗਨ ਨਾਥ ਜੀ ਦੀ ਕ੍ਰਿਪਾ ਹੈ।

ਤੀਵੀਂ : ਹੁਣ ਵੀ ਮੇਰੇ ਤੇ ਕਿਰਪਾ ਕਰੋ। ਮੈਂ ਤੁਹਾਡੇ ਚਰਨ ਕਮਲਾਂ ਵਿਚ ਸੀਸ ਨਿਵਾ ਕੇ ਸੁਖਣਾ ਸੁਖਦੀ ਹਾਂ ਕਿ ਜੇ ਉਹਨਾਂ ਦੇ ਘਰ ਕੋਈ ਸੰਤਾਨ ਨਾ ਹੋਵੇ ਤਾਂ ਮੈਂ ਤੁਹਾਡੇ ਨਮਿਤ ਪੰਜ ਕੜਾਹੇ ਸ਼ੀਰਣੀ ਦੇ ਭੇਟ ਕਰਾਂਗੀ। ਇਕੋਤਰ ਸੌ ਚਾਂਦੀ ਦੇ ਰੁਪਈਏ, ਤੇ ਪੰਜ ਸੌ ਬ੍ਰਾਹਮਣਾਂ ਨੂੰ ਭੋਜਨ ਕਰਾਵਾਂਗੀ।

ਬ੍ਰਾਹਮਣ : ਇਸ ਸਮੇਂ ਦੇਵਤਾ ਦੀ ਕੀ ਭੇਂਟ ਕਰ ਰਹੀ ਏਂ, ਭਗਤਣੀਏਂ ?

ਤੀਵੀਂ : ਕਾਲੀ ਗਊ ਦੇ ਸ਼ੁੱਧ ਘਿਉ ਦਾ ਕਟੋਰਾ, ਗਿਆਰਾਂ ਰੁਪਈਏ ਤੇ ਨਾਰੀਅਲ।

ਬ੍ਰਾਹਮਣ : (ਭੇਂਟ ਲੈ ਕੇ) ਜਗਨ ਨਾਥ ਜੀ ਤੇਰੀ ਮਨੋਕਾਮਨਾ ਪੂਰੀ ਕਰਨਗੇ। ਲੈ ਉਹਨਾਂ ਦਾ ਪ੍ਰਸ਼ਾਦ ਤੇ ਚਰਨਾਮ੍ਰਤ।

ਤੀਵੀਂ : ਜੈ ਭਗਵਾਨ।

ਬ੍ਰਾਹਮਣ : ਅਜ ਰਾਤ ਭਗਵਾਨ ਦੀ ਆਰਤੀ ਹੋਵੇਗੀ। ਉਸ ਸਮੇਂ ਆਪਣੇ ਮਨ ਦੀ ਇੱਛਾ ਦਸ ਕੇ ਭਗਵਾਨ ਨੂੰ ਭੋਗ ਲਵਾਉਣਾ।

(ਤੀਵੀਂ ਮੱਥਾ ਟੇਕ ਕੇ ਜਾਂਦੀ ਹੈ। ਦੂਜੇ ਪਾਸਿਉਂ ਦੂਜੀ ਤੀਵੀਂ ਆਉਂਦੀ ਹੈ।)

ਦੂਜੀ ਤੀਵੀਂ ; ਮੈਂ ਤੁਹਾਡੇ ਦੁਆਰ ਉਤੇ ਨੰਗੇ ਪੈਰ ਤੁਰ ਕੇ ਆਈ ਹਾਂ। ਹੇ ਜਗਨ ਨਾਥ ਜੀ ਮੇਰੀ ਪ੍ਰਾਰਥਨਾ ਸਵੀਕਾਰ ਕਰੋ।

ਬ੍ਰਾਹਮਣ : ਹੇ ਭਗਤਣੀਏ, ਸ਼ੁੱਧ ਹਿਰਦੇ ਨਾਲ ਤੇ ਸ਼ੁੱਧ ਰੁਪਈਆਂ ਦਾ ਮੱਥਾ ਟੇਕ ਕੇ ਬੇਨਤੀ ਕਰ। ਸ਼ੁਭ ਘੜੀ ਹੈ, ਜਗਨ ਨਾਥ ਜੀ ਦੀ ਮੂਰਤੀ ਉਤੇ ਮੁਸਕਾਨ ਹੈ।

ਤੀਵੀਂ ਥਾਲੀ ਵਿਚ ਪਈ ਸਾਮਗਰੀ ਭੇਂਟ ਕਰਦੀ ਹੈ। ਧੋਤੀ ਦੇ ਲੜ ਵਿਚੋਂ ਰੁਪਏ ਕੱਢ ਕੇ ਅਗੇ ਰਖਦੀ ਹੈ। ਬ੍ਰਾਹਮਣ ਉਸ ਨੂੰ ਚੰਦਨ ਦਾ ਟਿੱਕਾ ਲਾਉਂਦਾ ਹੈ।

ਬ੍ਰਾਹਮਣ : ਜੈ ਹੋ!

ਤੀਵੀਂ : ਮਹਾਰਾਜ, ਮੇਰੀ ਜਿਠਾਣੀ ਨੇ ਕੋਈ ਤਵੀਤ ਕਰਾਇਆ ਏ। ਟੂਣੇਹਾਰ ਡਾਇਣ ਏ। ਉਸ ਦੇ ਤਿੰਨ ਪੁੱਤ ਹਨ, ਪਰ ਮੇਰੇ ਕੋਈ ਸੰਤਾਨ ਨਹੀਂ। ਸਾਡੀ ਸਾਰੀ ਜਾਇਦਾਦ ਉਤੇ ਨਜ਼ਰਾਂ ਟਿਕਾਈ ਬੈਠੇ ਹਨ। ਮੇਰੀ ਇਹੋ

ਕਾਮਨਾ ਹੈ ਕਿ ਉਸ ਦੇ ਤਿੰਨ ਪੁੱਤ ਖੜੇ-ਖੜੋਤੇ ਮਰ ਜਾਣ ਤੇ ਮੇਰੀ ਕੁੱਖ ਹਰੀ ਹੋਵੇ ।

ਬ੍ਰਾਹਮਣ : ਦੇਵੀ ! ਬੜੀ ਕਠਨ ਮਨੋਕਾਮਨਾ ਹੈ ! ਸੋਨੇ ਦੀ ਕੋਈ ਨੱਥ ਭੇਂਟ ਕਰ ਰਾਧਾ ਜੀ ਨੂੰ । ਤੇਰੀ ਮਨੋਕਾਮਨਾ ਪੂਰੀ ਹੋਵੇਗੀ ।

ਤੀਵੀਂ : ਮੈਂ ਆਪਣੇ ਹਥ ਦਾ ਕੰਗਣ ਭੇਂਟ ਕਰਦੀ ਹਾਂ ।

ਬ੍ਰਾਹਮਣ : ਜੈ ਹੋ ! ਮੈਂ ਇਹ ਕੰਗਣ ਰਾਧਾ ਜੀ ਨੂੰ ਪਹਿਨਾ ਦੇਵਾਂਗਾ । ਤੇਰੀ ਮਨੋ-ਕਾਮਨਾ ਪੂਰੀ ਹੋਵੇਗੀ ।

ਤੀਵੀਂ ਧੋਤੀ ਦਾ ਪੱਲਾ ਦੋਹਾਂ ਹੱਥਾਂ ਵਿਚ ਫੜ ਕੇ ਮੱਥਾ ਟੇਕਦੀ ਹੈ ।

ਬ੍ਰਾਹਮਣ : ਇਹ ਲਓ ਚਰਨਾਮ੍ਰਤ ।

ਤਿੰਨ ਵਾਰ ਗੜਵੀ ਵਿਚੋਂ ਚਾਂਦੀ ਦੀ ਨਿੱਕੀ ਚਮਚੀ ਨਾਲ ਚਰਨਾਮ੍ਰਤ ਦੇਂਦਾ ਹੈ ਤੇ ਟਿੱਕਾ ਲਾਉਂਦਾ ਹੈ ।

ਜੈ ਹੋ !

(ਤੀਵੀਂ ਚਲੀ ਜਾਂਦੀ ਹੈ ।)

ਦੂਜੇ ਪਾਸੇ ਬੈਠਾ ਕ੍ਰੋਧੀ ਪੰਡਾ ਦੇਖਦਾ ਹੈ ਤੇ ਲੜਨ ਲਗਦਾ ਹੈ ।

ਪੰਡਾ : ਹੇ ਬ੍ਰਾਹਮਣ ਮਹਾਰਾਜ, ਏਥੋਂ ਆਪਣਾ ਆਸਣ ਚੁਕੋ । ਜਦੋਂ ਦੇ ਤੁਸੀਂ ਏਥੇ ਸ਼ੁਭ ਚਰਨ ਪਾਏ ਨੇ ਮੇਰਾ ਸਾਰਾ ਧੰਦਾ ਨਸ਼ਟ ਕਰ ਦਿਤਾ ।

ਬ੍ਰਾਹਮਣ : ਧੰਦਾ ਚਲਾਉਣ ਤੇ ਨਸ਼ਟ ਕਰਨ ਵਾਲੇ ਤਾਂ ਜਗਨ ਨਾਥ ਜੀ ਨੇ, ਮੈਂ ਕੌਣ ਹੁੰਦਾ ਹਾਂ ।

ਪੰਡਾ : ਮੈਨੂੰ ਏਥੇ ਬੈਠੇ ਨੂੰ ਉਮਰ ਗੁਜ਼ਰ ਗਈ । ਕਦੇ ਇਤਨਾ ਮੰਦਾ ਨਹੀਂ ਸੀ ਹੋਇਆ । ਤੁਸੀਂ ਉਤਰੀ ਦੇਸ ਤੋਂ ਆ ਕੇ ਮੇਰੀ ਸਾਰੀ ਪੜਤ ਮਾਰ ਦਿਤੀ ।

ਬ੍ਰਾਹਮਣ : ਅਸੀਂ ਉੱਤਰੀ ਦੇਸ ਦੇ ਭਗਤ ਕੁੰਭਣ ਦਾਸ ਦੇ ਸ਼ਿਸ਼ ਹਾਂ । ਤੇ ਤੂੰ......

ਪੰਡਾ : ਅਸੀਂ ਵੀ ਕਾਸ਼ੀ ਧਾਮ ਦੇ ਜੀਵਾ ਨੰਦ ਚੌਬੇ ਜੀ ਦੀ ਕੁਲ ਵਿਚੋਂ ਹਾਂ ।

ਬ੍ਰਾਹਮਣ : ਆਹੋ, ਆਹੋ, ਮੈਨੂੰ ਪਤੈ । ਤੂੰ ਓਸੇ ਕੁਲ ਵਿਚੋਂ ਹੈ ਜੋ ਗੰਗਾ ਜੀ ਵਿਚ ਟੁੱਭੀ ਮਾਰ ਕੇ ਮੁਰਦਿਆਂ ਦੇ ਕਪੜੇ ਤੇ ਟੂੰਮ ਛੱਲੇ ਕੱਢ ਲਿਆਉਂਦੇ ਹਨ ।

ਪੰਡਾ : ਜ਼ਬਾਨ ਸੰਭਾਲ ! ਕਾਸ਼ੀ ਦਾ ਅੱਧਾ ਦਸ਼ਮ-ਮੇਧ ਘਾਟ ਸਾਡਾ ਹੈ ।

ਬ੍ਰਾਹਮਣ : ਜਿਹੜਾ ਪੰਡਾ ਕਾਸ਼ੀ ਛੱਡ ਕੇ ਏਥੇ ਆਵੇ ਉਹ ਜ਼ਰੂਰ ਹੀ ਅੱਧ ਦਾ ਮਾਲਿਕ ਹੋਵੇਗਾ । ਜਿਸ ਦੀ ਕਿਸਮਤ ਖੋਟੀ, ਉਸ ਕੋ ਜਗਨ ਨਾਥ ਮੇਂ ਰੋਟੀ ।

ਪੰਡਾ : ਮੇਰੇ ਸਾਹਮਣਿਓਂ ਹਟ ਜਾ । ਮਨਹੂਸ, ਸਵੇਰ ਦਾ ਇਕ ਯਾਤਰੀ ਵੀ ਮੇਰੀ ਫੜ੍ਹੀ ਤੇ ਨਹੀਂ ਆਇਆ ।

ਬ੍ਰਾਹਮਣ : ਚੰਡਾਲ ! ਖ਼ਬਰਦਾਰ ਜੋ ਮੇਰੀ ਗੜਵੀ ਨੂੰ ਹੱਥ ਲਾਇਆ !

ਦੋਵੇਂ ਝਗੜਦੇ ਹਨ । ਬਾਹਰ ਮੰਗਤਿਆਂ ਦੀ ਭੀੜ ਰੌਲਾ ਪਾਉਂਦੀ ਹੈ ।

ਪਹਿਲਾ ਮੰਗਤਾ : ਜਗਨ ਨਾਥ ਜੀ ਦੇ ਨਾਮ ਦਾ ਏਕ ਪੈਸਾ !

ਦੂਜਾ : ਬੁੱਢੇ ਪਿੰਗਲੇ ਤੇ ਤਰਸ ਕਰ ਜਾਓ, ਬਾਬਾ !

ਤੀਜਾ : ਭੁੱਖੀ ਮਾਤਾ ਨੂੰ ਅੰਨ ਦਾ ਦਾਨ ਕਰ ਜਾਓ, ਬੇਟਾ !

ਚੌਥਾ : ਤੇਰਾ ਰਾਜ ਭਾਗ ਬਣਿਆ ਰਹੇ । ਅੰਨ੍ਹੀ ਦੇ ਠੂਠੇ ਵਿਚ ਕੋਈ ਪੈਸਾ ਸੁੱਟ ਜਾਵੇ !

ਭਗਤ : ਬੋਲੋ ਜਗਨ ਨਾਥ ਜੀ ਕੀ —

ਸਾਰੇ ਜਣੇ : ਜੈ !

ਤੀਵੀਆਂ ਘਿਉ ਦੇ ਦੀਵਿਆਂ ਨਾਲ ਜਗਮਗਾਉਂਦੇ ਆਰਤੀ ਦੇ ਥਾਲ ਲਈ ਆਉਂਦੀਆਂ ਹਨ । ਮਰਦਾਨਾ ਦਾਖ਼ਿਲ ਹੁੰਦਾ ਹੈ ।

ਮਰਦਾਨਾ : ਮੈਨੂੰ ਮੰਦਰ ਦੇ ਅੰਦਰ ਜਾਣ ਦੀ ਆਗਿਆ ਨਹੀਂ । ਮੇਰਾ ਗੁਰੂ ਅੰਦਰ ਪੰਡਿਤਾਂ ਨਾਲ ਸ਼ਾਸਤ੍ਰਾਰਥ ਕਰ ਰਿਹਾ ਹੈ । ਮੈਂ ਇਥੇ ਬਾਹਰ ਖੜਾ ਹੋ ਕੇ ਹੀ ਗੁਰੂ ਨੂੰ ਉਡੀਕਾਂਗਾ । ਆਰਤੀ ਸ਼ੁਰੂ ਹੋਣ ਵਾਲੀ ਹੈ । ਮੈਂ ਰਬਾਬ ਸੁਰ ਕਰ ਕੇ ਗੁਰੂ ਦੀ ਬਾਣੀ ਗਾਵਾਂਗਾ ।

ਆਰਤੀ ਹੁੰਦੀ ਹੈ । ਸੰਖ, ਘੰਟੀਆਂ ਤੇ ਘੜਿਆਲ ਵਜਦੇ ਹਨ । ਮੰਗਤੇ ਬਾਹਰ ਖੜੇ ਭਿਖਸ਼ਾ ਮੰਗਦੇ ਹਨ ।

ਬ੍ਰਾਹਮਣ : ਕਿਉਂ ਰੌਲਾ ਪਾਇਆ ਹੈ ? ਭਗਵਾਨ ਦੇ ਘਰ ਵੀ ਚੈਨ ਨਹੀਂ ਲੈਣ ਦੇਂਦੇ ।

ਮੰਗਤੇ : ਅਸੀਂ ਭੁੱਖੇ ਹਾਂ ।

ਬ੍ਰਾਹਮਣ : ਇਥੇ ਲੰਗਰ ਲੱਗੇ ਹਨ ? ਚੱਲੋ ਇਥੋਂ । ਆਰਤੀ ਵਿਚ ਵਿਘਨ ਨਾ ਪਾਓ । ਦਫ਼ਾ ਹੋ ਜਾਓ ਇਥੋਂ !

ਮਰਦਾਨਾ : (ਰਬਾਬ ਸੁਰ ਕਰਦਾ ਹੋਇਆ) ਮੇਰੇ ਗੁਰੂ ਦੀ ਆਰਤੀ ਇਹ ਨਹੀਂ । ਨਿੱਕੇ ਨਿੱਕੇ ਦੀਵਿਆਂ ਨਾਲ ਕੀ ਬਣਦਾ ਹੈ ? ਭੁੱਖੇ ਤੇ ਗ਼ਰੀਬ ਲੋਕ ਇਕ ਪਾਸੇ, ਤੇ ਰੱਜੇ ਹੋਏ ਬਾਮ੍ਹਣ ਤੇ ਪੁਜਾਰੀ ਦੂਜੇ ਪਾਸੇ । ਮੇਰੇ ਗੁਰੂ ਲਈ ਸਭ ਬਰਾਬਰ ਹਨ । ਉਸ ਦੀ ਆਰਤੀ ਵਿਚ ਸਭ ਸ਼ਾਮਿਲ ਹਨ...

ਧਰਤੀ, ਆਕਾਸ਼, ਸੂਰਜ, ਤਾਰੇ, ਬ੍ਰਹਮੰਡ ਦੇ ਸਭ ਜੀਵ ਜੰਤੂ......
(ਰਬਾਬ ਦੇ ਤਾਰ ਛੇੜ ਕੇ) ਗਗਨ ਮੈ ਥਾਲੁ, ਰਵਿ ਚੰਦ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ.........

ਰਬਾਬੀਆਂ ਦਾ ਕੋਰਸ :

ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ ॥
ਕੈਸੀ ਆਰਤੀ ਹੋਇ ॥
ਭਵਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ

ਮੰਦਿਰ ਦੀ ਆਰਤੀ ਇਸ ਸ਼ਬਦ ਵਿਚ ਡੁੱਬ ਜਾਂਦੀ ਹੈ। ਇਕਦਮ ਅਕਾਸ਼ੀ-ਪੱਟ ਉਤੇ ਨੀਲਾ ਆਕਾਸ਼ ਤਾਰੇ ਤੇ ਚੰਦਰਮਾ ਚਮਕਣ ਲਗਦੇ ਹਨ। ਨਿੱਕੇ ਨਿੱਕੇ ਦੀਵੇ ਬੁਝ ਜਾਂਦੇ ਹਨ। ਪੁਜਾਰੀ, ਪੰਡਤ ਤੇ ਯਾਤਰੀ ਸਿਆਹ ਮੂਰਤਾਂ ਵਿਚ ਨਜ਼ਰ ਆਉਂਦੇ ਹਨ। ਇਕ ਵਿਸ਼ਾਲ ਆਰਤੀ ਦਾ ਵਾਯੂ-ਮੰਡਲ ਉਸਰ ਜਾਂਦਾ ਹੈ।
ਗੁਰੂ ਦਾ ਸ਼ਬਦ ਗੂੰਜ ਰਿਹਾ ਹੈ।

(ਹਨੇਰਾ)

# ਦੂਜਾ ਅੰਕ

## ਦ੍ਰਿਸ਼ ਪਹਿਲਾ

ਦਰਸ਼ਕਾਂ ਵਿਚਕਾਰ ਦੀ ਡੌਂਡੀ ਵਾਲਾ ਮਸ਼ਾਲ ਫੜੀ ਏਲਾਨ ਕਰਦਾ ਦਾਖ਼ਿਲ ਹੁੰਦਾ ਹੈ।

ਡੌਂਡੀ ਵਾਲਾ : ਸੁਣੋ ਸੈਦਪੁਰ ਦੇ ਨਿਵਾਸੀਓ। ਅਜ ਮਹਾਦਾਨੀ ਮਲਿਕ ਭਾਗੋ ਦੇ ਘਰ ਬ੍ਰਹਮ ਭੋਜ ਹੈ, ਕੁਲ ਸਾਧੂਆਂ, ਬ੍ਰਾਹਮਣਾਂ ਨੂੰ ਇਸ ਬ੍ਰਹਮ ਭੋਜ ਲਈ ਸੱਦਾ ਦਿਤਾ ਜਾਂਦਾ ਹੈ।

(ਨਗਾਰੇ ਤੇ ਡੱਗਾ ਵਜਦਾ ਹੈ।)

ਡੌਂਡੀ ਵਾਲਾ : (ਮੰਚ ਉਤੇ ਪੁੱਜ ਕੇ) ਸੁਣੋ, ਸੈਦਪੁਰ ਦੇ ਵਾਸੀਓ। ਦਾਨਵੀਰ ਮਲਿਕ ਭਾਗੋ ਨੇ ਬ੍ਰਹਮ ਭੋਜ ਰਚਾਇਆ ਹੈ। ਉਚ ਕੁਲ ਦੇ ਸਭ ਬ੍ਰਾਹਮਣ ਤੇ ਸਾਧੂ-ਮਹਾਤਮਾ ਪਧਾਰ ਕੇ ਉਸ ਦੇ ਘਰ ਨੂੰ ਪਵਿੱਤਰ ਕਰਨ।

(ਨਗਾਰੇ ਉਤੇ ਡੱਗਾ)

ਮੰਗਤੇ ਤੇ ਗ਼ਰੀਬ ਗੁਰਬਾਂ ਦੀ ਭੀੜ ਮਲਿਕ ਭਾਗੋ ਦੇ ਦਰਵਾਜ਼ੇ ਉਤੇ ਆ ਜੁੜਦੀ ਹੈ।

ਇਕ ਮੰਗਤਾ : ਕੇਸਰੀ ਹਲਵੇ ਦੀ ਖ਼ੁਸ਼ਬੂ ਆ ਰਹੀ ਹੈ। ਪਿਛਲੀ ਵਾਰ ਜਦੋਂ ਮਲਿਕ ਨੇ ਭੋਜ ਕਰਾਇਆ ਸੀ ਤਾਂ ਮੈਨੂੰ ਅੱਠ ਪੱਤਲਾਂ ਜੂਠ ਦੀਆਂ ਮਿਲੀਆਂ ਸਨ।

ਦੂਜਾ ਮੰਗਤਾ : ਓਏ ਅਮੀਰਾਂ ਦੀ ਜੂਠ ਵੀ ਕਿਤੇ ਜੂਠੀ ਹੁੰਦੀ ਏ ? ਮੇਰਾ ਤਾਂ ਖੀਰ ਖਾਣ ਨੂੰ ਜੀ ਕਰਦਾ ਹੈ।

ਬੁੱਢੀ ਮੰਗਤੀ : ਵੇ ਮੂੰਹ ਵੇਖ ਆਪਣਾ ਪਿੱਛੇ ਹੱਟ ਕੇ ਖੜੋ। ਜਿਥੇ ਮੈਂ ਪਹੁੰਚਦੀ ਹਾਂ ਓਥੇ ਹੀ ਇਹ ਆ ਮਰਦੇ।

ਦੂਜਾ ਮੰਗਤਾ : ਬੁਢੀਏ, ਹਰ ਥਾਂ ਲੜਾਈ ?

ਪਹਿਲਾ ਮੰਗਤਾ : ਓਏ ਭੌਂਕੋ ਨਾ ਬ੍ਰਾਹਮਣ ਭੋਜਨ ਕਰ ਰਹੇ ਨੇ।

(ਨੌਕਰ ਦਾਖ਼ਿਲ ਹੁੰਦਾ ਹੈ।)

ਨੌਕਰ : ਕਿਉਂ ਰੌਲਾ ਪਾਇਐ ? ਕੁੱਤਿਓ, ਅੰਦਰ ਬ੍ਰਹਮ ਭੋਜ ਹੋ ਰਿਹੈ ਤੇ ਤੁਸੀਂ ਏਥੇ ਉਚੀ ਉਚੀ ਭੌਂਕੀ ਜਾਂਦੇ ਓ। ਹਟੋ ਇਕ ਪਾਸੇ।

ਬ੍ਰਾਹਮਣ ਜਨੇਊ ਸੂਤਦਾ ਤੇ ਢਿੱਡ ਉਤੇ ਹੱਥ ਫੇਰਦਾ ਅੰਦਰੋਂ ਨਿਕਲਦਾ ਹੈ।

ਬ੍ਰਾਹਮਣ : ਸ਼ਿਵ ਸ਼ੰਭੂ। ਸ਼ਿਵ ਸ਼ੰਭੂ। ਹਰੀ ਓਮ ਤੱਤ ਸੱਤ। ਮਹਾਰਾਜ, ਕਿਆ ਸੁਆਦਿਸ਼ਟ ਭੋਜਨ ਸੀ। ਕੇਸਰੀ ਖੀਰ, ਬਦਾਮੀ ਹਲਵਾ, ਪਿਸਤਈ ਕਲਾਕੰਦ, ਮੁਸ਼ਕ ਕਾਫ਼ੂਰੀ ਸ਼ੀਰਮਾਰ। ਜੀ ਕਰਦਾ ਸੀ ਢਿੱਡ ਰਤਾ ਹੋਰ ਵੱਡਾ ਹੁੰਦਾ। ਈਸ਼ਵਰ ਮਲਿਕ ਭਾਗੋ ਨੂੰ ਭਾਗ ਲਾਵੇ।

(ਮੰਗਤਿਆਂ ਨੂੰ ਦੇਖ ਕੇ)

ਹਟੋ ਇਕ ਪਾਸੇ। ਕਿਤੇ ਕੋਈ ਸ਼ੁਭ ਕੰਮ ਹੋਵੇ ਓਥੇ ਈ ਚੰਡਾਲਾਂ ਦੀ ਭੀੜ ਕੱਠੀ ਹੋ ਜਾਂਦੀ ਹੈ।

ਨੌਕਰ : ਇਹਨਾਂ ਨੂੰ ਕਿੰਨਾ ਹਟਾਓ, ਕਿੰਨੀਆਂ ਗਾਹਲਾਂ ਕਢੋ, ਕਿੰਨੇ ਧੱਕੇ ਦਿਓ — ਇਹ ਬਿਸ਼ਰਮ ਮੰਗਤੇ ਦਰਵਾਜ਼ੇ ਤੋਂ ਨਹੀਂ ਹਟਦੇ ! ਜਾਓ ? ਪਿਛਲੇ ਬੂਹੇ ਦੀ ਖਿੜਕੀ ਵਿਚੋਂ ਤੁਹਾਨੂੰ ਜੂਠੀਆਂ ਪੱਤਲਾਂ ਮਿਲਣਗੀਆਂ। ਜਾਓ।

ਮੰਗਤੇ ਖ਼ੁਸ਼ੀ ਨਾਲ ਚੀਕਾਂ ਮਾਰਦੇ ਦੌੜਦੇ ਹਨ।

ਬ੍ਰਾਹਮਣ : ਉਹ ਮਲਿਕ ਭਾਗੋ ਆਉਂਦੇ ਨੇ। (ਆਸ਼ੀਰਵਾਦ ਦੇ ਕੇ) ਤੇਰਾ ਕੁਲ ਤੇ ਸੰਪਤੀ ਵਧੇ ਤੇ ਫਲੇ ਫੁੱਲੇ।

ਭਾਗੋ ਨੇ ਸੁਨਹਿਰੀ ਨਵਾਬੀ ਅੰਗਰਖਾ, ਜ਼ਰੀ ਵਾਲੀ ਜੁੱਤੀ ਤੇ ਦੋ ਮੰਜ਼ਲੀ ਦਸਤਾਰ ਪਹਿਣੀ ਹੋਈ ਹੈ। ਗੋਲ ਕੁੰਡਲਦਾਰ ਮੁੱਛਾਂ, ਵੱਡਾ ਢਿੱਡ, ਗਲ ਵਿਚ ਮੋਤੀਆਂ ਦੀਆਂ ਮਾਲਾਵਾਂ, ਕੰਨਾਂ ਵਿਚ ਚੰਦੇ, ਤੇ ਉਂਗਲਾਂ ਵਿਚ ਵੱਡੇ ਨਗਾਂ ਵਾਲੀਆਂ ਮੁੰਦਰੀਆਂ।

ਭਾਗੋ : ਤੁਸੀਂ ਮੇਰੇ ਘਰ ਚਰਨ ਪਾਏ ਤਾਂ ਮੇਰਾ ਵਿਹੜਾ ਪਵਿੱਤਰ ਹੋ ਗਿਆ।

ਬ੍ਰਾਹਮਣ : ਅਜਿਹੇ ਦਾਨੀ ਪੁਰਸ਼ ਦੇ ਘਰ ਵਿਚ ਆਉਣਾ ਸੌਭਾਗਯ ਹੈ।

ਭਾਗੋ : ਮੈਂ ਸਾਰੇ ਬ੍ਰਾਹਮਣ ਤੇ ਸਾਧੂ ਮਹਾਤਮਾਵਾਂ ਨੂੰ ਸੱਦਾ ਭੇਜਿਆ ਸੀ। ਤਦੇ ਇਹ ਬ੍ਰਹਮ ਭੋਜ ਸਫਲ ਹੋਇਆ।

ਬ੍ਰਾਹਮਣ : ਸ਼ਾਸਤਰਾਂ ਅਨੁਸਾਰ ਇਸ ਬ੍ਰਹਮ ਭੋਜ ਵਿਚ ਇੱਕੋ ਵਿਘਨ ਪਿਆ ।

ਭਾਗੋ : ਮਹਾਰਾਜ, ਉਹ ਕੀ ?

ਬ੍ਰਾਹਮਣ : ਜੇ ਨਗਰ ਵਿਚ ਠਹਿਰਿਆ ਇਕ ਸਾਧੂ ਵੀ ਬ੍ਰਹਮ ਭੋਜ ਵਿਚ ਸ਼ਾਮਿਲ ਨਾ ਹੋਵੇ ਤਾਂ ਇਹ ਅਪੂਰਣ ਸਮਝਿਆ ਜਾਂਦਾ ਹੈ ।

ਭਾਗੋ : ਪਰ ਮੈਂ ਤਾਂ ਸਭ ਨੂੰ ਹੀ ਬੁਲਾਇਆ ਤੇ ਤੁਹਾਡੀ ਕਿਰਪਾ ਨਾਲ ਸਾਰੇ ਹੀ ਆਏ ।

ਬ੍ਰਾਹਮਣ : ਨਹੀਂ ! ਇਕ ਸਾਧੂ ਨੇ ਤੁਹਾਡੀ ਨਿਰਾਦਰੀ ਕੀਤੀ ।

ਭਾਗੋ : ਕਿਸ ਨੇ ?

ਬ੍ਰਾਹਮਣ : ਨਾਨਕ ਤੇ ਉਸ ਦੇ ਨਾਲ ਆਏ ਚੇਲਿਆਂ ਨੇ । ਉਹ ਬਹੁਤ ਘੁਮੰਡੀ ਹੈ । ਤੁਹਾਡੇ ਬ੍ਰਹਮ ਭੋਜ ਨੂੰ ਧਿਤਕਾਰ ਕੇ ਉਹਨੇ ਨੀਵੀਂ ਜਾਤੀ ਵਾਲੇ ਲਾਲੋ ਤਰਖਾਨ ਦੇ ਘਰ ਦਾ ਖਾਣਾ ਚੰਗਾ ਸਮਝਿਆ ।

ਭਾਗੋ : ਲਾਲੋ ਤਰਖਾਨ ਦੇ ਘਰ ?

ਬ੍ਰਾਹਮਣ : ਹਾਂ ! ਭਲਾ ਦੱਸੋ ਕੋਈ ਸਾਧੂ ਇਸ ਤਰ੍ਹਾਂ ਦੀ ਪੁੱਠੀ ਗੱਲ ਕਰ ਸਕਦੈ ? ਸਪਸ਼ਟ ਹੈ ਉਹਨੇ ਆਪ ਦਾ ਨਿਰਾਦਰ ਕੀਤਾ ਹੈ ।

ਭਾਗੋ : ਇਹ ਨਹੀਂ ਹੋ ਸਕਦਾ । ਮੈਂ ਜਾਨਾਂ ਤੇ ਜਾ ਕੇ ਪਤਾ ਕਰਦਾਂ ।

(ਗੁੱਸੇ ਵਿਚ ਜਾਂਦਾ ਹੈ । ਉਸ ਦਾ ਨੌਕਰ ਉਸ ਦੇ ਪਿੱਛੇ ਪਿੱਛੇ ।)

ਬ੍ਰਾਹਮਣ : ਗੁਰੂ ਜਿਨ੍ਹਾਂ ਦੇ ਉਡਣੇ ਚੇਲੇ ਚੋੜ ਚਪੱਟ । ਨੀਵੀਂ ਜਾਤੀ ਦੇ ਘਰ ਠਹਿਰ ਕੇ ਉਸ ਨੇ ਕੁਲ ਸਾਧੂ ਜਗਤ ਨੂੰ ਲਾਜ ਲਾਈ ਹੈ । ਸ਼ਿਵ ਸ਼ੰਭੂ ! ਸ਼ਿਵ ਸ਼ੰਭੂ !

(ਜਾਂਦਾ ਹੈ ।)

ਰਬਾਬ ਦੀ ਆਵਾਜ਼ ਸੁਣਾਈ ਦੇਂਦੀ ਹੈ । ਮਰਦਾਨਾ ਆਉਂਦਾ ਹੈ ।

ਮਰਦਾਨਾ : ਗੁਰੂ ਨਾਲ ਬਹੁਤ ਥਾਈਂ ਭੋਜਨ ਕੀਤਾ, ਪਰ ਜੋ ਲਾਲੋ ਦੇ ਘਰ ਕੋਧਰੇ ਦੀ ਰੋਟੀ ਖਾਣ ਦਾ ਮਜ਼ਾ ਆਇਆ ਉਹ ਕਿਤੇ ਨਹੀਂ ਸੀ । ਉਸ ਦੇ ਵਿਹੜੇ ਵਿਚ ਲੱਗੀ ਖੂਹੀ ਦਾ ਠੰਢਾ ਪਾਣੀ ਪੀਤਾ, ਸੁਆਦ ਆ ਗਿਆ ।

(ਭਾਗੋ ਗੁੱਸੇ ਵਿਚ ਭਰਿਆ ਆਉਂਦਾ ਹੈ ।)

ਭਾਗੋ : ਕਿੱਥੇ ਹੈ ਤੇਰਾ ਗੁਰੂ ?

ਮਰਦਾਨਾ : ਉਹ ਖੜਾ ਹੈ ਤੇਰੇ ਕੋਲ ।

ਭਾਗੋ : ਮੈਨੂੰ ਮਖ਼ੌਲ ਕਰਦੈਂ ?

ਮਰਦਾਨਾ : ਨਹੀਂ ! ਮੇਰਾ ਗੁਰੂ ਹਰ ਥਾਂ ਹੈ ।

ਭਾਗੋ : ਉਸ ਨੇ ਮੇਰਾ ਬੜਾ ਨਿਰਾਦਰ ਕੀਤਾ ਹੈ ।

ਮਰਦਾਨਾ : ਨਿਰਾਦਰ ਤਾਂ ਤੂੰ ਕੀਤਾ ।

ਭਾਗੋ : ਮੇਰੇ ਸੁੱਚੇ ਪਕਵਾਨ ਛੱਡ ਕੇ ਉਸ ਨੇ ਲਾਲੋ ਤਰਖਾਨ ਦੇ ਘਰ ਦੀ ਸੁੱਕੀ ਰੋਟੀ ਖਾ ਕੇ ਮੇਰਾ ਬੜਾ ਅਪਮਾਨ ਕੀਤਾ । ਮੈਂ ਉਸ ਨੂੰ ਆਪਣੇ ਬ੍ਰਹਮਭੋਜ ਤੇ ਬੁਲਾਇਆ ਪਰ ਉਹ ਘੁਮੰਡੀ ਓਥੇ ਨਾ ਆਇਆ ।

ਮਰਦਾਨਾ : ਮੇਰਾ ਗੁਰੂ ਓਥੇ ਵੀ ਸੀ ।

ਭਾਗੋ : ਝੂਠ !

ਮਰਦਾਨਾ : ਮੇਰਾ ਗੁਰੂ ਉਹਨਾਂ ਭੁਖੇ ਲੋਕਾਂ ਪਿੱਛੇ ਖੜਾ ਸੀ ਜਿਨ੍ਹਾਂ ਨੂੰ ਤੇਰੇ ਨੌਕਰਾਂ ਨੇ ਧੱਕੇ ਮਾਰ ਕੇ ਬਾਹਰ ਕਢ ਦਿਤਾ ।

ਭਾਗੋ : ਉਹ ਅੰਦਰ ਕਿਉਂ ਨਹੀਂ ਆਇਆ ਜਿਥੇ ਸਾਧੂ ਤੇ ਬ੍ਰਾਹਮਣ ਭੋਜਨ ਕਰ ਰਹੇ ਸਨ ।

ਮਰਦਾਨਾ : ਮਲਿਕ ਭਾਗੋ, ਮੇਰਾ ਗੁਰੂ ਆਖਦਾ ਹੈ ਤੇਰੀ ਰੋਟੀ ਵਿਚੋਂ ਖ਼ੂਨ ਨੁਚੜਦਾ ਹੈ ਤੇ ਲਾਲੋ ਦੀ ਕੋਧਰੇ ਦੀ ਰੋਟੀ ਵਿਚੋਂ ਦੁੱਧ ।

ਭਾਗੋ : ਕੀ ਆਖ ਰਿਹਾ ਹੈਂ ਤੂੰ ?

ਮਰਦਾਨਾ : ਤੇਰੀ ਰੋਟੀ ਵਿਚ ਹਜ਼ਾਰਾਂ ਗਰੀਬਾਂ ਦੀ ਮਿਹਨਤ ਦਾ ਖ਼ੂਨ ਹੈ ਤੇ ਲਾਲੋ ਦੀ ਕੋਧਰੇ ਦੀ ਰੋਟੀ ਵਿਚ ਦਸਾਂ ਨਹੁਆਂ ਦੀ ਸੁੱਚੀ ਕਿਰਤ ਦਾ ਦੁੱਧ । ਮੇਰਾ ਗੁਰੂ ਤੇਰੇ ਘਰ ਨਹੀਂ ਆਏਗਾ ।

ਆਕਾਸ਼ ਪੱਟ ਉਤੇ ਚਾਨਣ ਦਾ ਚੱਕਰ ਉਭਰਦਾ ਹੈ ।
ਤੇ ਇਹ ਸ਼ਬਦ ਸੁਣਾਈ ਦੇਂਦੇ ਹਨ :

ਹੱਕ ਪਰਾਇਆ ਨਾਨਕਾ,
ਉਸ ਸੂਅਰ ਉਸ ਗਾਇ ॥
ਗੁਰ ਪੀਰ ਹਾਮਾ ਤਾਂ ਭਰੇ,
ਜਾ ਮੁਰਦਾਰ ਨਾ ਖਾਇ ॥

(ਭਾਗੋ ਦਾ ਸਿਰ ਝੁਕ ਜਾਂਦਾ ਹੈ ਤੇ ਉਹ ਪਛਤਾਵੇ ਨਾਲ ਡੰਗਿਆ ਮੱਥਾ ਟੇਕਦਾ ਹੈ ।)

(ਹਨੇਰਾ)

## ਦ੍ਰਿਸ਼ ਦੂਜਾ

ਦੌਲਤ ਖ਼ਾਨ ਲੋਧੀ ਦਾ ਕਿਲਾ। ਦੌਲਤ ਖ਼ਾਨ ਲੋਧੀ ਦਾਖ਼ਿਲ ਹੁੰਦਾ ਹੈ। ਉਸ ਦੇ ਨਾਲ ਉਸ ਦੇ ਦੋ ਬੇਟੇ ਦਿਲਾਵਰ ਖ਼ਾਨ ਤੇ ਗ਼ਾਜ਼ੀ ਖ਼ਾਨ ਹਨ। ਦੂਜੇ ਪਾਸਿਓਂ ਜਾਸੂਸ ਅਕਰਮ ਖ਼ਾਨ ਦਾਖ਼ਿਲ ਹੁੰਦਾ ਹੈ ਤੇ ਕੋਰਨਿਸ਼ ਬਜਾ ਲਿਆਉਂਦਾ ਹੈ।

ਦੌਲਤ ਖ਼ਾਨ : ਕੀ ਖ਼ਬਰ ਹੈ ?

ਅਕਰਮ ਖ਼ਾਨ : ਹਜ਼ੂਰ, ਸੁਲਤਾਨ ਇਬਰਾਹੀਮ ਖ਼ਾਂ ਲੋਧੀ ਕੋਈ ਗਲ ਸੁਣਨ ਨੂੰ ਤਿਆਰ ਨਹੀਂ। ਆਖਦਾ ਹੈ, ਤਿੰਨ ਲੱਖ ਮੋਹਰਾਂ ਤੇ ਵੀਹ ਹਜ਼ਾਰ ਸ਼ਾਹਰੁਖ਼ੀਆਂ ਹਰ ਸਾਲ ਖ਼ਰਾਜ ਵਜੋਂ ਉਸ ਨੂੰ ਪੇਸ਼ ਕੀਤੀਆਂ ਜਾਣ।

ਦੌਲਤ ਖ਼ਾਨ : ਲਾਲਚ ਦੀ ਇੰਤਿਹਾ ! ਮੈਂ ਭੇਜਿਆ ਸੀ ਦੋਸਤੀ ਦਾ ਹੱਥ ਵਧਾਉਣ ਲਈ, ਪਰ ਉਸ ਦਾ ਦਿਮਾਗ਼ ਆਸਮਾਨ ਉਤੇ ਹੈ।

ਅਕਰਮ ਖ਼ਾਨ : ਹਜ਼ੂਰ ਦਿੱਲੀ ਤੇ ਆਗਰੇ ਦੇ ਦਰਬਾਰ ਵਿਚ ਸਾਡੇ ਦੁਸ਼ਮਨ ਸਾਜ਼ਸ਼ਾਂ ਕਰ ਰਹੇ ਹਨ। ਉਹਨਾਂ ਨੇ ਸ਼ਹਿਨਸ਼ਾਹ ਦੇ ਕੰਨਾਂ ਵਿਚ ਜ਼ਹਿਰ ਭਰ ਦਿਤਾ ਹੈ। ਉਹ ਲਾਹੌਰ ਦੀ ਵਫ਼ਾਦਾਰੀ ਉਤੇ ਸ਼ਕ ਕਰਦਾ ਹੈ ਤੇ......ਹਜ਼ੂਰ......

ਦੌਲਤ ਖ਼ਾਨ : ਬੋਲ!

ਅਕਰਮ ਖ਼ਾਨ : ਅਫ਼ਵਾਹ ਹੈ ਕਿ ਇਬਰਾਹੀਮ ਲੋਧੀ ਲਾਹੌਰ ਦੀ ਸੂਬੇਦਾਰੀ ਤੁਹਾਥੋਂ ਖੋਹ ਕੇ ਆਲਮ ਖ਼ਾਂ ਦੇ ਪੁੱਤ ਜਲਾਲ ਖ਼ਾਂ ਨੂੰ ਦੇਣਾ ਚਾਹੁੰਦਾ ਹੈ।

ਦੌਲਤ ਖ਼ਾਨ : ਉਸ ਦੀ ਇਹ ਜੁਰਅੱਤ !

ਦਿਲਾਵਰ ਖ਼ਾਨ ਤੇ ਗ਼ਾਜ਼ੀ ਖ਼ਾਨ ਭੜਕ ਕੇ ਤਲਵਾਰਾਂ ਦੇ ਦਸਤਿਆਂ ਨੂੰ ਝਪਟਦੇ ਹਨ।

ਦਿਲਾਵਰ ਖ਼ਾਨ : ਜਿਸ ਨੇ ਲਾਹੌਰ ਦੇ ਤਖ਼ਤ ਵਲ ਅੱਖ ਵੀ ਕੀਤੀ, ਉਸ ਦੀ ਅੱਖ ਕੱਢ ਲਈ ਜਾਵੇਗੀ !

ਗ਼ਾਜ਼ੀ ਖ਼ਾਨ : ਜਿਸ ਕਿਸੇ ਨੇ ਸਾਡੀ ਦੋਸਤੀ ਦਾ ਹੱਥ ਝਟਕਿਆ, ਉਸ ਦਾ ਹੱਥ ਵੱਢ ਦਿਤਾ ਜਾਵੇਗਾ !

ਦੌਲਤ ਖ਼ਾਨ : ਹੋਰ ਕੀ ਸੁਣਿਆ ਹੈ ?

ਅਕਰਮ ਖ਼ਾਨ : ਸੁਣਿਆ ਹੈ ਕਿ ਮੇਵਾੜ ਦੇ ਰਾਣਾ ਨੇ ਇਬਰਾਹੀਮ ਨਾਲ ਅਮਨ ਦਾ

ਮੁਆਇਦਾ ਕੀਤਾ ਹੈ। ਪਰ ਮੇਰੀ ਇਤਲਾਹ ਹੈ ਕਿ ਅੰਦਰੋਂ ਅੰਦਰ ਦੋਹਾਂ ਵਿਚ ਰੜਕ ਹੈ । ਇਬਰਾਹੀਮ ਕੋਲ ਇਸ ਵੇਲੇ ਇਕ ਲੱਖ ਫ਼ੌਜ, ਦਸ ਹਜ਼ਾਰ ਘੋੜਾ ਤੇ ਇਕ ਹਜ਼ਾਰ ਜੰਗੀ ਹਾਥੀ ਤਿਆਰ ਹਨ । ਉਹ ਕਿਸੇ ਵੇਲੇ ਵੀ ਪੰਜਾਬ ਦਾ ਰੁਖ਼ ਕਰ ਸਕਦਾ ਹੈ।

ਦੌਲਤ ਖ਼ਾਨ : ਮਗ਼ਰੂਰ ! ਤਾਕਤ ਦੇ ਨਸ਼ੇ ਵਿਚ ਅੰਨ੍ਹਾ ਹੋ ਗਿਆ ਹੈ । ਜਦੋਂ ਪਿਛਲੀ ਵਾਰ ਅਸੀਂ ਸ਼ਾਹੀ ਦਾਅਵਤ ਉਤੇ ਉਸ ਦੇ ਦਰਬਾਰ ਵਿਚ ਗਏ ਤਾਂ ਉਸਨੇ ਸਾਨੂੰ ਕੁਰਸੀ ਵੀ ਪੇਸ਼ ਕੀਤੀ। ਉਸ ਦੇ ਸਕੇ ਭਰਾ ਅਲਾਉਦੀਨ ਨੂੰ ਵੀ ਦਰਬਾਰ ਵਿਚ ਖੜਾ ਰਹਿਣਾ ਪਿਆ। ਇਬਰਾਹੀਮ ਆਖਦਾ ਹੈ : 'ਬਾਦਸ਼ਾਹ ਦਾ ਕੋਈ ਰਿਸ਼ਤੇਦਾਰ ਨਹੀਂ ਹੁੰਦਾ।' ਉਸ ਦੀਆਂ ਰਗਾਂ ਵਿਚ ਅਫ਼ਗ਼ਾਨ ਦਾ ਖ਼ੂਨ ਨਹੀਂ, ਸ਼ੈਤਾਨ ਦਾ ਖ਼ੂਨ ਹੈ !

ਅਕਰਮ ਖ਼ਾਨ : ਖ਼ਾਨਿ-ਆਜ਼ਿਮ, ਅਲਾਉਦੀਨ ਖ਼ਾਨ ਨੂੰ ਉਸ ਨੇ ਬੇ-ਇੱਜ਼ਤ ਕਰ ਕੇ ਦਰਬਾਰ 'ਚੋਂ ਕੱਢ ਦਿੱਤਾ। ਸੁਣਿਐ ਉਹ ਇਸ ਬੇ-ਇਜ਼ਤੀ ਦਾ ਬਦਲਾ ਲੈਣ ਲਈ ਕਾਬਲ ਦੇ ਅਮੀਰ ਜ਼ਹੀਰਉੱਦੀਨ ਬਾਬਰ ਨਾਲ ਮਿਲ ਰਿਹਾ ਹੈ।

ਦੌਲਤ ਖ਼ਾਨ : ਮੈਂ ਇਬਰਾਹੀਮ ਨੂੰ ਨਫ਼ਰਤ ਕਰਦਾ ਹਾਂ ! ਤੋਤਾ ਚਸ਼ਮ ! ਇਹਸਾਨ ਫ਼ਰਾਮੋਸ਼ ! ਇਕ ਵਾਰ ਮੈਦਾਨਿ ਜੰਗ ਵਿਚ ਮੈਂ ਉਸ ਦੀ ਜਾਨ ਬਚਾਈ ਸੀ। ਪਰ ਸਕੰਦਰ ਸ਼ਾਹ ਦੀ ਵਫ਼ਾਤ ਪਿੱਛੋਂ ਤਖ਼ਤ ਉਤੇ ਬੈਠਦੇ ਹੀ ਉਹ ਸਭ ਕੁਝ ਭੁੱਲ ਗਿਆ ।

ਦਿਲਾਵਰ ਖ਼ਾਨ : ਅੱਬਾ ਜਾਨ, ਜਿਤਨਾ ਤੁਸੀਂ ਆਗਰੇ ਦੇ ਦਰਬਾਰ ਅੱਗੇ ਝੁਕੇ, ਉਤਨਾ ਹੀ ਉਹ ਜ਼ਿਆਦਾ ਸਿਰ ਨੂੰ ਆਏ।

ਅਕਰਮ ਖ਼ਾਨ : ਹਜ਼ੂਰ, ਜ਼ਹੀਰਉੱਦੀਨ ਬਾਬਰ ਨਾਲ ਕਿਉਂ ਕੋਈ ਮਤਾ ਨਹੀਂ ਪਕਾਉਂਦੇ ? ਉਹ ਕਾਬਲ ਵਿਚ ਬੈਠਾ ਹੈ। ਮੰਝੇ ਹੋਏ ਮੁਗ਼ਲ ਤੇ ਉਜ਼ਬੇਕ ਸਿਪਾਹੀ, ਤੇਜ਼ ਘੋੜੇ, ਤੇ ਅੱਗ ਵਰ੍ਹਾਉਂਦੇ ਤੋਪਚੀ ।

ਦਿਲਾਵਰ ਖ਼ਾਨ : ਇਬਰਾਹੀਮ ਵਰਗੇ ਮੱਕਾਰ ਸੁਲਤਾਨ ਦੀ ਈਨ ਮੰਨਣ ਨਾਲੋਂ ਬਾਬਰ ਵਲ ਹੱਥ ਵਧਾਉਣਾ ਕਿਤੇ ਬਿਹਤਰ !

ਦੌਲਤ ਖ਼ਾਨ : ਮੈਂ ਬਾਬਰ ਨੂੰ ਇਕ ਹਜ਼ਾਰ ਸੋਨੇ ਦੀ ਮੋਹਰ ਦੋਸਤੀ ਵਜੋਂ ਭੇਜੀ ਹੈ। ਲਾਹੌਰ ਦੀ ਹਿਫ਼ਾਜ਼ਤ ਲਈ ਸਾਡੇ ਕੋਲ ਕਾਫ਼ੀ ਜਾਂਬਾਜ਼ ਸਿਪਾਹੀ ਹਨ। ਤੇ ਮੇਰੇ ਸ਼ੇਰ-ਦਿਲ ਬੇਟੇ ਦਿਲਾਵਰ ਖ਼ਾਨ ਤੇ ਗ਼ਾਜ਼ੀ ਖ਼ਾਨ ।

ਦੋਵੇਂ ਪੁੱਤਰ ਦੌਲਤ ਖ਼ਾਨ ਲੋਧੀ ਦੇ ਅੱਗੇ ਦੋਜ਼ਾਨੂ ਹੋ ਕੇ ਤੇ ਤਲਵਾਰਾਂ ਟੇਕ ਕੇ ਉਸ ਦਾ ਹੱਥ ਚੁੰਮਦੇ ਹਨ।

ਬਕਤਰਪੋਸ਼ ਦਾਖ਼ਿਲ ਹੁੰਦਾ ਹੈ ਤੇ ਆਦਾਬ ਬਜਾ ਲਿਆਉਂਦਾ ਹੈ ।

ਬਕਤਰਪੋਸ਼ : ਖ਼ਾਨਿ-ਆਜ਼ਿਮ, ਇਕ ਏਲਚੀ ਹਜ਼ੂਰ ਲਈ ਪੈਗ਼ਾਮ ਲੈ ਕੇ ਆਇਆ ਹੈ।

ਦੌਲਤ ਖ਼ਾਨ : ਕਿੱਥੋਂ ?

ਬਕਤਰਪੋਸ਼ : ਕਾਬਲ ਤੋਂ, ਬੜਾ ਜ਼ਰੂਰੀ ਪੈਗ਼ਾਮ ਹੈ ।

ਦੌਲਤ ਖ਼ਾਨ : ਪੇਸ਼ ਕਰੋ !

ਬਕਤਰਪੋਸ਼ : ਜੋ ਹੁਕਮ ।

ਬਕਤਰਪੋਸ਼ ਆਦਾਬ ਬਜਾ ਲਿਆਉਂਦਾ ਹੈ । ਏਲਚੀ ਮੁੱਲਾ ਅਹਿਮਦ ਦਾਖ਼ਲ ਹੁੰਦਾ ਹੈ। ਉਸ ਨੇ ਸਮੂਰ ਵਾਲੀ ਉਜ਼ਬਕ ਟੋਪੀ, ਖੱਲ ਵਾਲਾ ਕੋਟ ਤੇ ਭਾਰੀ ਜੁੱਤੇ ਪਹਿਨੇ ਹੋਏ ਹਨ । ਉਹ ਕੋਰਨਿਸ਼ ਬਜਾ ਲਿਆਉਂਦਾ ਹੈ ।

ਏਲਚੀ ਮੁੱਲਾ ਅਹਿਮਦ : ਮੇਰੇ ਆਕਾ ਅਮੀਰਿ ਕਾਬਲ, ਨੂਰਿ ਖ਼ਾਨਦਾਨਿ ਤੈਮੂਰ, ਜ਼ਹੀਰਉੱਦੀਨ ਮੁਹੰਮਦ ਬਾਬਰ ਹਜ਼ੂਰ ਨੂੰ ਸਲਾਮ ਭੇਜਦੇ ਹਨ, ਤੇ ਇਹ ਸ਼ਾਹੀ ਪੈਗ਼ਾਮ।

ਘੁਟਨੇ ਟੇਕ ਕੇ ਸ਼ਾਹੀ ਪੈਗ਼ਾਮ ਪੇਸ਼ ਕਰਦਾ ਹੈ । ਦੌਲਤ ਖ਼ਾਨ ਲੋਧੀ ਪੈਗ਼ਾਮ ਲੈ ਕੇ ਅਕਰਮ ਖ਼ਾਨ ਨੂੰ ਪੜ੍ਹਨ ਲਈ ਦੇਂਦਾ ਹੈ ।

ਅਕਰਮ ਖ਼ਾਨ : (ਪੜ੍ਹਦਾ ਹੋਇਆ)

ਵਾਲੀਏ ਸੂਬਾਇ ਲਾਹੌਰ, ਖ਼ਾਨ ਦੌਲਤ ਖ਼ਾਨ ਲੋਧੀ ਨੂੰ ਸਾਡਾ ਸਲਾਮ । ਅਸੀਂ ਤੁਹਾਡੀ ਭੇਜੀ ਇਕ ਹਜ਼ਾਰ ਮੋਹਰ ਨੂੰ ਇਕ ਲੱਖ ਕਰ ਕੇ ਜਾਣਦੇ ਹਾਂ । ਤੁਹਾਡੀ ਦੋਸਤੀ ਤੇ ਮੁਰੱਵਤ ਦੇ ਸ਼ੁਕਰਗੁਜ਼ਾਰ ਹਾਂ ! ਸਰ-ਜ਼ਮੀਨਿ ਹਿੰਦ ਉਤੇ ਕਦਮ ਰੱਖਣ ਲਈ ਮੇਰੇ ਘੋੜਿਆਂ ਦੇ ਸੁੰਮ ਬੇਤਾਬ ਹਨ । ਮੇਰੇ ਜਾਂਬਾਜ਼ ਰਫ਼ੀਕ ਸਿਪਾਹੀ ਤੁਹਾਡੀ ਮਦਦ ਲਈ ਹਮੇਸ਼ਾ ਤਿਆਰ ਹਨ । ਇਨਸ਼ਾ ਅੱਲਾਹ ਦਿੱਲੀ ਤੇ ਆਗਰੇ ਦਾ ਤਖ਼ਤ ਜ਼ਰੂਰ ਉਲਟੇਗਾ ।

ਖ਼ੈਰ-ਅੰਦੇਸ਼

— ਜ਼ਹੀਰਉੱਦੀਨ ਬਾਬਰ

ਦੌਲਤ ਖ਼ਾਨ : ਖ਼ੁਦਾ ਨੇ ਚਾਹਿਆ ਤਾਂ ਦਿੱਲੀ ਆਗਰੇ ਦੇ ਤਖ਼ਤ ਉਤੇ ਉਸ ਮਗ਼ਰੂਰ ਇਬਰਾਹੀਮ ਦੀ ਥਾਂ ਅਸੀਂ ਹੋਵਾਂਗੇ ।

ਸਭ ਦਰਬਾਰੀ : ਆਮੀਨ !

ਦੌਲਤ ਖ਼ਾਨ : ਆਪਣੇ ਸੁਲਤਾਨ ਜ਼ਹੀਰਉੱਦੀਨ ਬਾਬਰ ਨੂੰ ਸਾਡੇ ਵਲੋਂ ਪੂਰੀ ਮਦਦ ਦਾ ਯਕੀਨ ਦੁਆਉਣਾ। ਇਹ ਖ਼ਿਲਅੱਤ ਤੇਰੇ ਲਈ।

ਏਲਚੀ ਦੋਜ਼ਾਨੂ ਹੋ ਕੇ ਖ਼ਿਲਅੱਤ ਨੂੰ ਸ਼ੁਕਰੀਏ ਦਾ ਬੋਸਾ ਦੇ ਕੇ ਕਬੂਲ ਕਰਦਾ ਹੈ।

ਏਲਚੀ ਮੁੱਲਾ ਅਹਿਮਦ : ਹਜ਼ੂਰ ਦਾ ਇਕਬਾਲ ਬੁਲੰਦ ਹੋਵੇ !

(ਏਲਚੀ ਤੇ ਅਕਰਮ ਖ਼ਾਨ ਜਾਂਦੇ ਹਨ)

ਦੌਲਤ ਖ਼ਾਨ : ਆਓ ਮੇਰੇ ਬਹਾਦਰ ਫ਼ਰਜ਼ੰਦੋ, ਮੈਂ ਤੁਹਾਡੇ ਨਾਲ ਕੁਝ ਮਸ਼ਵਰਾ ਕਰਨਾ ਹੈ।

ਦੌਲਤ ਖ਼ਾਨ ਲੋਧੀ ਕਿਲੇ ਅੰਦਰ ਜਾਂਦਾ ਹੈ ਤੇ ਉਸ ਦੇ ਨਾਲ ਹੀ ਦਿਲਾਵਰ ਖ਼ਾਨ ਤੇ ਗ਼ਾਜ਼ੀ ਖ਼ਾਨ। ਦੋ ਬਕਤਰ-ਪੋਸ਼ ਗੱਲਾਂ ਕਰਦੇ ਹਨ।

ਪਹਿਲਾ ਬਕਤਰ ਪੋਸ਼ : ਦੌਲਤ ਖ਼ਾਨ ਦੀ ਬਾਬਰ ਨਾਲ ਇਹ ਸਾਜ਼-ਬਾਜ਼ ਕਿਤੇ ਇਸ ਨੂੰ ਲੈ ਨਾ ਡੁੱਬੇ। ਇਸ ਨੂੰ ਚਾਹੀਦਾ ਹੈ ਕਿ ਉਤਨਾ ਹੀ ਚਬਾਏ ਜਿਤਨਾ ਹਜ਼ਮ ਕਰ ਸਕੇ। ਇਸ ਦੀ ਆਪਣੀ ਰਿਆਇਆ ਇਸ ਦੇ ਜ਼ੁਲਮ ਤੋਂ ਤੰਗ ਹੈ। ਮਹਿਲ ਦੇ ਮੁਲਾਜ਼ਮਾਂ ਨੂੰ ਛੇ ਛੇ ਮਹੀਨੇ ਤਨਖ਼ਾਹ ਨਹੀਂ ਮਿਲਦੀ। ਗ਼ਰੀਬ ਕਿਸਾਨਾਂ ਤੇ ਵਪਾਰੀਆਂ ਤੋਂ ਜਬਰਨ ਲਗਾਨ ਵਸੂਲ ਕਰਕੇ ਸ਼ਾਹੀ ਖ਼ਜ਼ਾਨਾ ਭਰਿਆ ਜਾਂਦਾ ਹੈ। ਇਸ ਦਾ ਬਾਪ ਇਕ ਮਾਮੂਲੀ ਅਹੁਦੇਦਾਰ ਤੋਂ ਸੂਬੇਦਾਰ ਬਣਿਆ ਸੀ। ਦੌਲਤ ਖ਼ਾਨ ਵਿਚ ਕਮਜ਼ਰਫ਼ੀ ਹੈ। ਬਾਬਰ ਦੇ ਏਲਚੀ ਨੂੰ ਉਸ ਨੇ ਦੁਸ਼ਾਲਾ ਦਿਤਾ — ਦੇਖਿਆ ਸੀ — ਉਹਦੀ ਸੁਨਹਿਰੀ ਗੋਟ ਝੂਠੇ ਸੋਨੇ ਦੀ ਸੀ।

ਦੂਜਾ ਬਕਤਰ ਪੋਸ਼ : ਅਸਲੀ ਜਵਾਹਾਰਾਤ, ਸੋਨਾ ਤੇ ਹੀਰੇ-ਜੜੀਆਂ ਸ਼ਮਸ਼ੀਰਾਂ ਤੇ ਪੇਸ਼-ਕਬਜ਼ ਇਸ ਨੇ ਤੋਸ਼ੇਖ਼ਾਨੇ ਵਿਚ ਰਖ ਛਡੇ ਹਨ। ਇਸ ਦੇ ਦਰਬਾਰ ਵਿਚ ਕੋਈ ਸ਼ਖ਼ਸ਼ ਵੀ ਕੀਮਤੀ ਹੀਰਾ ਜਾਂ ਮੋਤੀ ਨਹੀਂ ਪਹਿਣ ਸਕਦਾ। ਦੌਲਤ ਖ਼ਾਨ ਦੀ ਅੱਖ ਜਿਸ ਚੀਜ਼ ਉਤੇ ਵੀ ਪੈਂਦੀ ਹੈ, ਉਹ ਸ਼ਾਹੀ ਅਮਾਨਤ ਬਣ ਜਾਂਦੀ ਹੈ। ਲੋਕਾਂ ਨੇ ਹਰ ਸੁੱਚੀ ਤੇ ਖਰੀ ਚੀਜ਼ ਇਸ ਕੋਲੋਂ ਛੁਪਾ ਕੇ ਰੱਖੀ ਹੈ — ਚਾਹੇ ਉਹ ਖਰਾ ਸੋਨਾ ਹੋਵੇ, ਚਾਹੇ ਖਰਾ ਦਿਲ।

ਪਹਿਲਾ ਬਕਤਰ ਪੋਸ਼ : ਆਕਾ ਦੇ ਨਾਲ ਹੀ ਖ਼ਾਦਿਮ ਨੂੰ ਬਦਲਣਾ ਪੈਂਦਾ ਹੈ। ਤਦੇ ਆਦਮੀ ਜ਼ਿੰਦਾ ਰਹਿ ਸਕਦਾ ਹੈ। ਅਸੀਂ ਲੋਕ ਘਾਹ ਵਾਂਗ ਹਾਂ। ਝੱਖੜ ਝੁਲਦਾ ਹੈ ਤਾਂ ਅਸੀਂ ਨਿਉਂ ਜਾਂਦੇ ਹਾਂ, ਪਰ ਵੱਡੇ ਵੱਡੇ ਦਰੱਖ਼ਤ ਟੁੱਟ ਜਾਂਦੇ ਹਨ। ਮੈਂ ਲਾਹੌਰ ਦੇ ਤਿੰਨ ਸੂਬੇਦਾਰਾਂ ਦੀ ਖ਼ਿਦਮਤ ਕੀਤੀ। ਉਹ ਤਿੰਨੇ ਖ਼ਤਮ ਹੋ ਗਏ। ਪਰ ਮੈਂ ਓਸੇ ਤਰ੍ਹਾਂ ਕਾਇਮ ਹਾਂ। ਮੈਂ ਕਿਸੇ ਸੁਲਤਾਨ ਦਾ ਗ਼ੁਲਾਮ ਨਹੀਂ, ਸਿਰਫ਼ ਵਕਤ ਦਾ ਗ਼ੁਲਾਮ ਹਾਂ।

ਦੂਜਾ ਬਕਤਰ ਪੋਸ਼ : ਆਓ ਚਲੀਏ। ਕੰਧਾਂ ਦੇ ਵੀ ਕੰਨ ਹੁੰਦੇ ਹਨ।

(ਦੋਵੇਂ ਜਾਂਦੇ ਹਨ।)

ਏਲਚੀ ਮੁੱਲਾ ਅਹਿਮਦ ਤੇ ਅਕਰਮ ਖ਼ਾਨ ਦਾਖ਼ਿਲ ਹੁੰਦੇ ਹਨ।

ਏਲਚੀ ਮੁੱਲਾ ਅਹਿਮਦ : ਦੌਲਤ ਖ਼ਾਨ ਨੂੰ ਕੋਈ ਸ਼ਕ ਤਾਂ ਨਹੀਂ ?

ਅਕਰਮ ਖ਼ਾਨ : ਉੱਕਾ ਨਹੀਂ।

ਏਲਚੀ ਮੁੱਲਾ ਅਹਿਮਦ : ਆਗਰੇ ਦੇ ਦਰਬਾਰ ਵਿਚ ਕੋਈ ਦਿੱਕਤ ਪੇਸ਼ ਆਈ ?

ਅਕਰਮ ਖ਼ਾਨ : ਬਿਲਕੁਲ ਨਹੀਂ। ਮੈਂ ਪਹਿਲਾਂ ਹੀ ਉਥੇ ਦੋ ਆਦਮੀ ਗੰਢ ਲਏ ਸਨ। ਇਬਰਾਹੀਮ ਗ਼ੁੱਸੇ ਵਿਚ ਭਰਿਆ ਬੈਠਾ ਸੀ। ਜਦ ਮੈਂ ਆਪਣੇ ਆਕਾ ਦਾ ਇਹ ਪੈਗ਼ਾਮ ਦਿਤਾ ਕਿ ਉਹ ਆਗਰੇ ਵਿਚ ਅਤੀਆ ਪੇਸ਼ ਕਰਨ ਲਈ ਨਹੀਂ ਆਵੇਗਾ, ਤਾਂ ਇਬਰਾਹੀਮ ਭੜਕ ਉਠਿਆ। ਹੁਣ ਦੋਹਾਂ ਵਿਚ ਜਾਨੀ ਦੁਸ਼ਮਣੀ ਹੈ।

ਏਲਚੀ ਮੁੱਲਾ ਅਹਿਮਦ : (ਥੈਲੀ ਕੱਢ ਕੇ) ਇਹ ਤੇਰੀ ਵਫ਼ਾਦਾਰੀ ਦਾ ਸਿਲਾ। ਬਾਬਰ ਦੇ ਮੁਬਾਰਕ ਕਦਮ ਜਦੋਂ ਹਿੰਦ ਦੀ ਧਰਤੀ ਉਤੇ ਪਏ, ਤਾਂ ਉਸ ਦੀ ਬਖ਼ਸ਼ਸ਼ ਦੇਖੀਂ। ਤੈਨੂੰ ਮਾਲਾਮਾਲ ਕਰ ਦੇਵੇਗਾ।

ਅਕਰਮ ਖ਼ਾਨ : ਸ਼ੁਕਰੀਆ ! ਮੈਨੂੰ ਆਪਣੇ ਵਾਅਦੇ ਦਾ ਪਾਸ ਹੈ। ਇਸ ਦਰਬਾਰ ਦੀ ਹਰ ਗੱਲ ਤੇਰੇ ਤੀਕ ਪਹੁੰਚੇਗੀ।

ਦੋਵੇਂ ਆਪਣੇ ਆਪਣੇ ਪੇਸ਼-ਕਬਜ਼ ਕੱਢ ਕੇ ਇਕ ਦੂਜੇ ਲਈ ਵਫ਼ਾਦਾਰ ਰਹਿਣ ਦੀ ਕਸਮ ਖਾਂਦੇ ਹਨ !

(ਹਨੇਰਾ)

## ਦ੍ਰਿਸ਼ ਤੀਜਾ

(ਪਿੰਡ ਦਾ ਰਸਤਾ । ਬ੍ਰਾਹਮਣ ਤੇ ਮੌਲਵੀ
ਗੱਲਾਂ ਕਰਦੇ ਆਉਂਦੇ ਹਨ)

ਬ੍ਰਾਹਮਣ : ਸਾਰੇ ਦੇਸ਼ ਦਾ ਭਰਮਣ ਕੀਤਾ । ਹਰ ਥਾਂ ਨਾਨਕ ਦੀ ਚਰਚਾ ! ਜਿੱਥੇ ਮੈਂ ਗਿਆ, ਨਾਨਕ ਉਥੇ ਪਹਿਲਾਂ ਹੀ ਬ੍ਰਾਜਮਾਨ ਸੀ !

ਮੌਲਵੀ : ਉਸ ਨੇ ਸਿਰਫ਼ ਹਿੰਦੂਆਂ ਦੇ ਤੀਰਥ ਹੀ ਨਹੀਂ ਗਾਹੇ, ਮੁਸਲਮਾਨਾਂ ਦੀਆਂ ਖ਼ਾਨਕਾਹਾਂ ਵਿਚ ਜਾ ਕੇ ਵੀ ਅੱਲਾਹ ਨੂੰ ਵੰਗਾਰਿਆ ਹੈ । ਮੈਂ ਤਾਂ ਸੁਣਿਐਂ ਬਗ਼ਦਾਦ ਜਾ ਕੇ ਉਸ ਮਸਜਿਦਾਂ ਦੀ ਬੇਹੁਰਮਤੀ ਕੀਤੀ ਹੈ ।

ਬ੍ਰਾਹਮਣ : ਉਹ ਬੜਾ ਕੁਰਾਹੀਆ ਹੈ । ਪੁੱਠੇ ਰਾਹ ਚਲਦਾ ਹੈ । ਸਾਡੇ ਧਰਮ ਦਾ ਬੇੜਾ ਗ਼ਰਕ ਕਰੇਗਾ । ਆਖਦਾ ਹੈ, ਭਗਵਾਨ ਦੇ ਲੱਖਾਂ ਹੀ ਨੈਣ ਹਨ, ਪਰ ਇਕ ਵੀ ਨੈਣ ਨਹੀਂ । ਉਸ ਦੇ ਲੱਖਾਂ ਹੀ ਹੱਥ ਹਨ, ਪਰ ਇਕ ਵੀ ਨਜ਼ਰ ਨਹੀਂ ਆਉਂਦਾ । ਭਲਾ ਇਹ ਵੀ ਕੋਈ ਗੱਲ ਹੋਈ ? ਜੇ ਭਗਵਾਨ ਦੀ ਮੂਰਤੀ ਸਾਹਮਣੇ ਨਾ ਹੋਵੇ ਤਾਂ ਮੈਂ ਕਿਸ ਤਰ੍ਹਾਂ ਉਸ ਦਾ ਧਿਆਨ ਧਰ ਸਕਦਾ ਹਾਂ ।

ਮੌਲਵੀ : ਬ੍ਰਾਹਮਣ ਜੀ, ਇਸ ਵੇਲੇ ਭਗਵਾਨ ਨਾਲੋਂ ਦੌਲਤ ਖ਼ਾਨ ਲੋਧੀ ਦੇ ਦਰਬਾਰ ਦਾ ਧਿਆਨ ਕਰਨਾ ਜ਼ਿਆਦਾ ਜ਼ਰੂਰੀ ਹੈ ।

ਬ੍ਰਾਹਮਣ : ਮੇਰਾ ਮਨ ਤਾਂ ਉਸ ਤੋਂ ਖੱਟਾ ਪੈ ਚੁਕਿਆ ਹੈ ।

ਮੌਲਵੀ : ਕਿਉਂ ?

ਬ੍ਰਾਹਮਣ : ਅਸ਼ੀਰਵਾਦ ਦੇਣ ਗਿਆ ਸੀ, ਪਰ ਦਰਬਾਨ ਨੇ ਅੰਦਰ ਹੀ ਨਾ ਜਾਣ ਦਿਤਾ । ਤਖ਼ਤ ਉਤੇ ਬੈਠ ਕੇ ਲੋਧੀ ਨੂੰ ਈਸ਼ਵਰ ਦਾ ਡਰ ਨਹੀਂ ਰਿਹਾ । ਜੋ ਥੋਹੜੇ ਬਹੁਤ ਪੈਸੇ ਦਾਨ ਪੁੰਨ ਕਰਦਾ ਸੀ, ਉਸ ਤੋਂ ਵੀ ਹੱਥ ਖਿੱਚ ਲਿਆ ਹੈ । ਬਸ ਕਿਸਾਨਾਂ ਦੇ ਮਾਮਲੇ ਵਧਾ ਦਿਤੇ ਹਨ ਤੇ ਦੁਕਾਨਦਾਰਾਂ ਉਤੇ ਹੋਰ ਕਰ ਲਾ ਦਿਤਾ ਹੈ । ਸੁਣਿਐਂ ਕਾਬਲ ਦੇ ਬਾਬਰ ਨੂੰ ਬੁਲਾਇਆ ਹੈ ।

ਮੌਲਵੀ : ਪਹਿਲਾਂ ਦਰਬਾਰ ਵਿਚ ਮੁਫ਼ਤੀ ਤੇ ਮੌਲਵੀ ਦੀ ਗੱਲ ਸੁਣਦਾ ਸੀ, ਪਰ ਹੁਣ ਜਾਸੂਸਾਂ ਤੇ ਜਰਨੈਲਾਂ ਦੀ ਚੜ੍ਹ ਮੱਚੀ ਹੋਈ ਹੈ । ਹਰ ਥਾਂ ਰਿਸ਼ਵਤ । ਹਰ ਕੋਈ ਦੂਜੇ ਦੀ ਪਿੱਠ ਵਿਚ ਛੁਰਾ ਘੋਪਣ ਲਈ ਤਿਆਰ ਹੈ । ਸ਼ਰਾਬ,

ਜੂਆ, ਚੋਰੀ, ਠੱਗੀ ਦਾ ਨਾਂ ਉੱਚਾ, ਤੇ ਅੱਲਾਹ ਦਾ ਨਾਂ ਨੀਵਾਂ ! ਬਾਬਰ ਆਵੇਗਾ ਤਾਂ ਸਭ ਨੂੰ ਠੀਕ ਕਰੇਗਾ ।

(ਦੋ ਬੁੱਢੀਆਂ ਆਉਂਦੀਆਂ ਹਨ ।)

ਪਹਿਲੀ ਬੁੱਢੀ : ਫੱਤੂ ਦੇ ਪੁੱਤ ਨੂੰ ਜ਼ਬਰਦਸਤੀ ਲੋਧੀ ਦੇ ਸਿਪਾਹੀ ਫੜ ਕੇ ਲੈ ਗਏ । ਅੱਲ੍ਹੜ ਮੁੰਡਾ ਭਰਤੀ ਕਰ ਲਿਆ । ਹਲ ਦਾ ਮੁੰਨਾ ਫੜਨਾ ਨਹੀਂ, ਆਉਂਦਾ, ਤਲਵਾਰ ਕਿਵੇਂ ਵਾਹੇਗਾ । ਵਿਚਾਰਾ ਅਜਾਈਂ ਮਾਰਿਆ ਜਾਊ ।

ਦੂਜੀ ਬੁੱਢੀ : ਨੀ ਹੋਰ ਕੀ ਲੋਧੀਆਂ ਨੇ ਕਿਤੇ ਆਪ ਲੜਨੈ ? ਬਾਦਸ਼ਾਹ ਵੀ ਕਦੇ ਲੜੇ ਨੇ ? ਇਹਨਾਂ ਦੇ ਤਾਂ ਘੋੜਿਆਂ ਦੇ ਵੀ ਮਖ਼ਮਲ ਦੇ ਝੁੱਲ ਨੇ — ਕਿਤੇ ਠੰਢ ਲਗ ਕੇ ਜ਼ੁਖਾਮ ਨਾ ਹੋ ਜਾਏ ।

ਬ੍ਰਾਹਮਣ : ਜ਼ੁਖਾਮ ਦੀ ਗੱਲ ਕਰਦੀਆਂ ਓ — ਰੋਜ਼ ਤੜਕੇ ਵੇਲੇ ਠੰਢੇ ਪਾਣੀ ਵਿਚ ਅਸ਼ਨਾਨ ਕਰਦਾ ਹਾ । ਸੂਰੀਯ ਦੇਵਤਾ ਦੀ ਕਿਰਪਾ ਹੈ, ਕਦੇ ਤੱਤੀ ਵਾ ਨਹੀਂ ਲੱਗੀ ।

ਦੂਜੀ ਬੁੱਢੀ : ਹੁਣ ਅਜਿਹੀ ਤੱਤੀ ਵਾ ਚਲਣੀ ਏਂ ਕਿ ਸਭ ਨੇ ਲੂਹਿਆ ਜਾਣਾ ਏਂ ।

ਬ੍ਰਾਹਮਣ : ਮੈਂ ਤਾਂ ਚਾਰ ਧਾਮ ਦੀ ਯਾਤਰਾ ਕਰ ਕੇ ਐਵੇਂ ਮੁੜਿਆ । ਗਏ ਸਾਂ ਤਾਂ ਏਥੋਂ ਦੇ ਹਾਲ ਮੰਦੇ ਸਨ । ਆ ਕੇ ਦੇਖਦੇ ਹਾਂ, ਤਾਂ ਹੋਰ ਵੀ ਨਿੱਘਰ ਗਏ । ਇਸ ਦੇਸ਼ ਦਾ ਕੀ ਬਣੂ ?

ਪਹਿਲੀ ਬੁੱਢੀ : ਤੁਹਾਨੂੰ ਕੀ ਫ਼ਿਕਰ ਪੈ ਗਿਆ ਇਸ ਦੇਸ਼ ਦਾ ਪਾਂਧਾ ਜੀ ? ਤੁਹਾਡੀ ਮਾਨਤਾ ਤਾਂ ਉਸੇ ਤਰ੍ਹਾਂ ਰਹਿਣੀ ਏਂ । ਕੋਈ ਜੰਮੇ ਤਾਂ ਤੁਹਾਡੀ ਚਾਂਦੀ, ਕੋਈ ਵਿਆਹ ਹੋਵੇ ਤਾਂ ਤੁਸੀਂ ਮਹੂਰਤ ਦੇ ਆਗੂ, ਕੋਈ ਮਰੇ ਤਾਂ ਪਿੰਡ ਦਾਨ ਤੁਹਾਡੀ ਹੱਥੀਂ । ਤੁਹਾਨੂੰ ਕੀ ਔਖ ਐ ?

ਬ੍ਰਾਹਮਣ : ਨਾਨਕ ਜੁ ਸਾਡਾ ਝੁੱਗਾ ਚੌੜ ਕਰਨ ਲਗਿਆ ਹੈ । ਮੈਂ ਤਾਂ ਈਸ਼ਵਰ ਅਗੇ ਇਹੋ ਬਿਨਤੀ ਕਰਦਾ ਹਾਂ ਕਿ ਹੁਣ ਕੋਈ ਬਾਹਰਲਾ ਆਵੇ ਤੇ ਇਥੋਂ ਦੇ ਲੋਕਾਂ ਨੂੰ ਸਿੱਧਾ ਕਰੇ ।

ਮੌਲਵੀ : ਸੁਣਿਐਂ ਬਾਬਰ ਬਹੁਤ ਫ਼ੱਯਾਜ਼ ਹੈ । ਬਾਬਰ ਲਫ਼ਜ਼ ਦਾ ਮਤਲਬ ਸਮਝਦੇ ਹੋ, ਬ੍ਰਾਹਮਣ ਜੀ ?

ਬ੍ਰਾਹਮਣ : ਕੀ ਅਰਥ ਐ ?

ਮੌਲਵੀ : ਸ਼ੇਰ — ਸੁਣਿਐਂ ਸ਼ੇਰ ਜਿਹਾ ਦਿਲ ਹੈ ਉਸ ਦਾ । ਬਾਦਸ਼ਾਹ ਹੁੰਦਿਆਂ ਹੋਇਆਂ ਵੀ ਆਪਣੇ ਸਿਪਾਹੀਆਂ ਨਾਲ ਦੋਸਤਾਂ ਵਾਂਗ ਪੇਸ਼ ਆਉਂਦਾ ਹੈ ।

ਇਸ ਮੁਲਕ ਵਿਚ ਸੱਕਾ ਭਰਾ ਵੀ ਮਰਨ ਉਤੇ ਪਾਣੀ ਦਾ ਘੁੱਟ ਦੇਣ ਲਈ ਤਿਆਰ ਨਹੀਂ। ਅੱਜ ਮੈਂ ਨਮਾਜ਼ ਪੜ੍ਹ ਰਿਹਾ ਸਾਂ ਤਾਂ ਮੈਨੂੰ ਬਾਬਰ ਨਜ਼ਰ ਆਇਆ।

ਦੂਜੀ ਬੁੱਢੀ : ਤੇਰੀ ਗੱਲ ਸੱਚੀ ਹੋ ਕੇ ਰਹੂ। ਰਾਤ ਮੈਨੂੰ ਸੁਫ਼ਨਾ ਆਇਆ ਘੋੜੇ ਭੱਜੇ ਆਉਂਦੇ ਨੇ —

ਬ੍ਰਾਹਮਣ : ਕਿਸ ਦੇ ਘੋੜੇ ?

ਦੂਜੀ ਬੁੱਢੀ : ਤੁਰਕਾਂ ਦੇ !

(ਦੋਵੇਂ ਜਾਂਦੀਆਂ ਹਨ।)

ਮੌਲਵੀ : ਪਹਿਲਾਂ ਵੀ ਤੁਰਕਾਂ ਨੇ ਹੀ ਆ ਕੇ ਇਥੇ ਅਮਨ ਕਾਇਮ ਕੀਤਾ ਸੀ। ਇਥੇ ਤਾਂ ਸਦਾ ਖ਼ੂਨ ਖ਼ਰਾਬਾ ਹੀ ਰਿਹਾ ਹੈ। ਬਸ ਕੋਈ ਬਾਹਰਲਾ ਆਉਂਦਾ ਹੈ ਤਾਂ ਚੈਨ ਨਸੀਬ ਹੁੰਦਾ ਹੈ।

(ਮਰਦਾਨਾ ਦਾਖ਼ਿਲ ਹੁੰਦਾ ਹੈ।)

ਬ੍ਰਾਹਮਣ : ਔਹ ਆਉਂਦਾ ਹੈ ਨਾਨਕ ਦਾ ਚੇਲਾ। ਇਹ ਈਸ਼ਵਰ ਦੇ ਵੀ ਉਲਟ ਹੈ, ਰਾਜ ਭਾਗ ਦੇ ਵੀ ਉਲਟ, ਬ੍ਰਾਹਮਣਾਂ, ਮੌਲਵੀਆਂ ਦੇ ਵੀ ਉਲਟ। ਇਹ ਜੰਮਿਆਂ ਹੀ ਉਸ ਦਿਨ ਸੀ ਜਦ ਸਾਰੇ ਗ੍ਰਹਿ ਉਲਟ ਸਨ।

ਮਰਦਾਨਾ : ਹਾਂ, ਮੇਰੇ ਗ੍ਰਹਿ ਤੁਹਾਡੇ ਸਾਰਿਆਂ ਕੋਲੋਂ ਉਲਟੇ ਹਨ। ਤੁਸੀਂ ਇਥੇ ਖੜੇ ਬਾਬਰ ਦੀਆਂ ਗੱਲਾਂ ਕਰਦੇ ਹੋ। ਤੁਸੀਂ ਨਾ ਆਪਣੇ ਵਕਤ ਨੂੰ ਜਾਣਦੇ ਹੋ, ਨਾ ਬਾਬਰ ਦੇ ਵਕਤ ਨੂੰ।

ਬ੍ਰਾਹਮਣ : ਪਰ ਅਸੀਂ ਤੈਨੂੰ ਤੇ ਤੇਰੇ ਗੁਰੂ ਨੂੰ ਤਾਂ ਜਾਣਦੇ ਹਾਂ।

ਮਰਦਾਨਾ : ਤੁਸੀਂ ਮੇਰੇ ਗੁਰੂ ਨੂੰ ਨਹੀਂ ਜਾਣਦੇ। ਉਸ ਦੇ ਸ਼ਬਦਾਂ ਵਿਚ ਭਵਿੱਖ ਬੋਲਦਾ ਹੈ।

ਬ੍ਰਾਹਮਣ : ਉਇ ਭਾਈ ! ਭੂਤ ਭਵਿੱਖ ਸਾਡੇ ਕੋਲੋਂ ਕਿਤੇ ਭੁੱਲਿਆ ਹੈ। ਉਂਗਲਾਂ ਤ ਗਿਣ ਕੇ ਦਸ ਦਈਏ।

ਮਰਦਾਨਾ : ਭਵਿੱਖ ਜੰਤਰੀਆਂ ਤੇ ਕੁੰਡਲੀਆਂ ਵਿਚ ਨਹੀਂ, ਮਨੁੱਖ ਦੀ ਕਰਨੀ ਵਿਚ ਹੈ।

ਮੌਲਵੀ : ਇਸ ਮੁਲਕ ਵਿਚ ਹਰ ਕੋਈ ਗੱਲਾਂ ਕਰਨ ਜਾਣਦਾ ਹੈ। ਹਕੀਕਤ ਇਹ ਹੈ ਕਿ ਇਸ ਦੌਰ ਦੇ ਜ਼ੁਲਮ ਤੇ ਮੁਲਕ ਦੀ ਗਿਰਾਵਟ ਨੂੰ ਦੂਰ ਕਰਨ ਲਈ ਕਿਸੇ ਬਾਬਰ ਜਿਹੇ ਰਹਿਨੁਮਾ ਦੀ ਜ਼ਰੂਰਤ ਹੈ।

ਮਰਦਾਨਾ : ਸੁਣਿਆ ਹੈ ਉਸ ਨੇ ਦੌਲਤ ਖ਼ਾਨ ਨੂੰ ਦਿੱਲੀ ਦਾ ਤਖ਼ਤ ਦਿਵਾਉਣ ਦਾ ਵਹਿਦਾ ਕੀਤਾ ਹੈ, ਪਰ ਕੋਈ ਬਾਹਰਲਾ ਆਦਮੀ ਆ ਕੇ ਕਿਸੇ ਨੂੰ ਤਖ਼ਤ ਨਹੀਂ ਦਿਵਾਉਂਦਾ, ਸਗੋਂ ਖ਼ੁਦ ਤਖ਼ਤ ਉਤੇ ਬੈਠਦਾ ਹੈ। ਮੇਰਾ ਗੁਰੂ ਆਖਦਾ ਹੈ ਕਿ ਜੇ ਬਾਬਰ ਆਇਆ ਤਾਂ ਇਥੋਂ ਦੇ ਸਭ ਮੰਦਰ ਲੁੱਟੇ ਜਾਣਗੇ, ਧਰਮ ਸਰਮ ਮੂੰਹ ਲੁਕਾਈ ਫਿਰਨਗੇ, ਝੂਠ ਦਾ ਰਾਜ ਹੋਵੇਗਾ, ਤੇ ਖ਼ੂਨ ਦੇ ਦਰਿਆ ਵਗਣਗੇ !

(ਮਰਦਾਨਾ ਇਹ ਸ਼ਬਦ ਆਖ ਕੇ ਗੁੱਸੇ ਨਾਲ ਬਾਹਰ ਨਿਕਲ ਜਾਂਦਾ ਹੈ।)

## ਦ੍ਰਿਸ਼ ਚੌਥਾ

ਨਗਾਰੇ, ਡਫਲਾਂ ਦੇ ਵਜਣ ਤੇ ਘੋੜਿਆਂ ਦੀਆਂ ਟਾਪਾਂ ਤੇ ਹਿਣਕਣ ਦੀ ਆਵਾਜ਼। ਚੀਖਾਂ । ਅਰਧ-ਹਨੇਰੇ ਵਿਚ ਨੱਸਦੇ ਤੀਵੀਆਂ ਤੇ ਆਦਮੀ; ਉਹਨਾਂ ਪਿਛੇ ਤਲਵਾਰਾਂ ਖਿੱਚੀ ਮੁਗ਼ਲ ਸਿਪਾਹੀ। ਆਕਾਸ਼ ਪੱਟ ਉਤੇ ਸੜਦੇ ਸ਼ਹਿਰ ਦੇ ਲੰਬੇ।

ਤੀਵੀਆਂ ਵਾਲਾਂ ਤੋਂ ਫੜ ਕੇ ਘਸੀਟੀਆਂ ਜਾ ਰਹੀਆਂ ਹਨ। ਹਉਕੇ।

ਆਵਾਜ਼ : ਛੱਡ ਦਿਓ, ਜ਼ਾਲਮੋ।
ਦੂਜੀ ਆਵਾਜ਼ : ਕਾਫ਼ਰ ਦੀ ਸਜ਼ਾ ਮੌਤ।
ਤੀਜੀ ਆਵਾਜ਼ : ਰਹਿਮ।

ਰਬਾਬੀਆਂ ਦਾ ਕੋਰਸ :

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ॥

ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ
ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿੰਦਵਾਣੀਆ
ਏਹਿ ਭੀ ਲੇਖੇ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ ਵੇ ਲਾਲੋ ॥

ਨਗਾਰਾ । ਬਾਬਰ ਪੂਰੇ ਜਾਹੋ ਜਲਾਲ ਨਾਲ ਦਾਖ਼ਿਲ ਹੁੰਦਾ ਹੈ । ਉਸ ਦੇ ਦੋ ਜਰਨੈਲ ਮਿਰਜ਼ਾ ਕੋਕਲਤਾਸ਼ ਖ਼ਾਨ ਤੇ ਦਰਵੇਸ਼ ਮੁਹੰਮਦ ਸਾਰਬਾਨ ਉਸ ਦੇ ਨਾਲ ਹਨ । ਨੇਜ਼ੇ ਫੜੀ ਕੁਝ ਸਿਪਾਹੀ ਤੇ ਇਕ ਮਸ਼ਾਲਚੀ ।

ਬਾਬਰ ਗੋਲ ਥੜ੍ਹੇ ਉਤੇ ਆ ਕੇ ਰੁਕਦਾ ਹੈ । ਸਭ ਆਦਾਬ ਬਜਾ ਲਿਆਉਂਦੇ ਹਨ ।

ਬਾਬਰ : ਮੇਰੀਆਂ ਰਗਾਂ ਵਿਚ ਗ਼ਾਜ਼ੀਆਂ ਦਾ ਖ਼ੂਨ ਹੈ । ਵਕਤ ਦੇ ਘੋੜੇ ਉਪਰ ਸਵਾਰ, ਇਰਾਦੇ ਦੀ ਰਕਾਬ ਵਿਚ ਪੈਰ, ਤੇ ਖ਼ੁਦਾਵੰਦ ਕਰੀਮ ਮੇਰੇ ਨਾਲ — ਵੀਹ ਸਾਲ ਤੋਂ ਮੈਂ ਹਿੰਦੁਸਤਾਨ ਨੂੰ ਫ਼ਤਹਿ ਕਰਨ ਦੇ ਖ਼ਾਬ ਦੇਖ ਰਿਹਾ ਸਾਂ । ਅਜ ਇਹ ਖ਼ਾਬ ਪੂਰਾ ਹੋਇਆ । ਮੇਰੇ ਬਹਾਦਰ ਤੇ ਵਫ਼ਾਦਾਰ ਮਿਰਜ਼ਾ ਕੋਕਲਤਾਸ਼ ਖ਼ਾਨ, ਤੂੰ ਫ਼ਰਗਾਨੇ ਤੋਂ ਮੇਰੇ ਨਾਲ ਹੈਂ । ਦਰਵੇਸ਼ ਮੁਹੰਮਦ ਸਾਰਬਾਨ, ਤੇਰੀ ਜੋਸ਼ੀਲੀ ਬਹਾਦਰੀ ਉਤੇ ਵੀ ਮੈਨੂੰ ਨਾਜ਼ ਹੈ । ਤੁਸੀਂ ਆਪਣੀਆਂ ਜਾਨਾਂ ਤੇ ਖੇਲ ਕੇ, ਕੱਕਰ ਜੰਮੇ ਪਹਾੜਾਂ ਨੂੰ ਲੰਘ ਕੇ, ਤੇ ਤੂਫ਼ਾਨੀ ਦਰਿਆਵਾਂ ਵਿਚ ਮਸ਼ਕਾਂ ਫੁਲਾ ਕੇ ਮੇਰੇ ਨਾਲ ਆਏ । ਇਸ ਦਾ ਇਨਾਮ ਹਿੰਦੁਸਤਾਨ ਹੈ । ਮੇਰਾ ਫ਼ਰਮਾਨ ਹੈ ਕਿ ਮੇਰੇ ਬਾਰਾਂ ਹਜ਼ਾਰ ਜਾਂਬਾਜ਼ ਸਿਪਾਹੀਆਂ ਨੂੰ ਲਾਹੌਰ ਦਾ ਸਾਰਾ ਖ਼ਜ਼ਾਨਾ ਵੰਡਿਆ ਜਾਵੇ । ਦੁਸ਼ਮਣ ਦੀ ਫ਼ੌਜ ਦੇ ਘੋੜੇ ਛਾਂਟ ਕੇ ਮੇਰੇ ਸਿਪਾਹੀਆਂ ਨੂੰ ਦਿਤੇ ਜਾਣ । ਦਿਲਾਵਰ ਖ਼ਾਨ ਨੂੰ ਸੁਲਤਾਨਪੁਰ ਦਾ ਸੂਬੇਦਾਰ ਤੱਅਈਅਨ ਕੀਤਾ ਜਾਵੇ, ਤੇ ਉਸ ਮੱਕਾਰ ਦੌਲਤ ਖ਼ਾਨ ਨੂੰ ਗ੍ਰਿਫ਼ਤਾਰ ਕਰ ਕੇ ਸਾਡੇ ਸਾਹਮਣੇ ਪੇਸ਼ ਕੀਤਾ ਜਾਵੇ ।

ਕੋਕਲਤਾਸ਼ ਖ਼ਾਨ : ਹਜ਼ੂਰ ਦੌਲਤ ਖ਼ਾਨ ਫ਼ਰਾਰ ਹੋ ਗਿਆ ਹੈ।

ਬਾਬਰ : ਉਹ ਦਿੱਲੀ ਦੇ ਤਖ਼ਤ ਉਤੇ ਬੈਠਣ ਲਈ ਬੇਤਾਬ ਸੀ ! ਅਜਿਹੇ ਗ਼ਦਾਰ ਲਈ ਤਖ਼ਤ ਨਹੀਂ, ਤਖ਼ਤਾ।

ਅਲੀ ਕੁਲੀ ਖ਼ਾਨ ਤੇ ਏਲਚੀ ਮੁੱਲਾ ਅਹਿਮਦ ਦਾਖ਼ਿਲ ਹੁੰਦੇ ਹਨ। ਦੋਵੇਂ ਕੋਰਨਿਸ਼ ਬਜਾ ਲਿਆਉਂਦੇ ਹਨ।

ਅਲੀ ਕੁਲੀ ਖ਼ਾਨ : ਲਾਹੌਰ ਸ਼ਹਿਰ ਉਤੇ ਮੁਕੰਮਲ ਕਬਜ਼ਾ ਹੋ ਗਿਆ ਹੈ। ਮੇਰੇ ਤੋਪਚੀਆਂ ਨੇ ਦੁਸ਼ਮਨ ਦੇ ਕਿਲ੍ਹੇ ਨੂੰ ਅੱਗ ਲਾ ਦਿਤੀ ਹੈ।

ਬਾਬਰ : ਅਲੀ ਕੁਲੀ ਖ਼ਾਨ ਤੇਰੇ ਗੋਲੇ ਵਿਚ ਖ਼ੁਦਾ ਦੀ ਬਰਕਤ ਹੈ। ਜਿਥੇ ਡਿੱਗਦਾ ਹੈ ਓਥੇ ਫ਼ਤਹਿ ਸਾਡੇ ਕਦਮ ਚੁੰਮਦੀ ਹੈ।

ਏਲਚੀ ਮੁੱਲਾ ਅਹਿਮਦ : ਹਜ਼ੂਰ ਸੁਲਤਾਨ ਮਹਿਮੂਦ ਲੰਗਾਹ ਨੇ ਅਤਾਇਤ ਕਬੂਲ ਕਰ ਲਈ ਹੈ ਤੇ ਕਲਾਨੌਰ ਦੇ ਮੁਹੰਮਦ ਅਲੀ ਤਾਜਕ ਨੇ ਵੀ ਈਨ ਮੰਨ ਲਈ ਹੈ। ਦੋਹਾਂ ਨੇ ਅਤੀਏ ਭੇਜੇ ਹਨ।

ਬਾਬਰ : ਉਹਨਾਂ ਦੋਹਾਂ ਨੂੰ ਮੁਬਾਰਕਬਾਦ ਦੇ ਪੈਗ਼ਾਮ ਭੇਜੋ !

ਏਲਚੀ ਮੁੱਲਾ ਅਹਿਮਦ : ਹਜ਼ੂਰ ਅਕਰਮ ਖ਼ਾਨ ਤੁਹਾਡੀ ਸ਼ਾਰਯਾਬੀ ਦਾ ਮੁੰਤਜ਼ਿਰ ਹੈ।

ਬਾਬਰ : ਮੌਤ ਦਾ ਮੁੰਤਜ਼ਿਰ ਹੈ। ਅਸੀਂ ਇਸ ਗ਼ਦਾਰ ਉਤੇ ਹੋਰ ਇਤਬਾਰ ਨਹੀਂ ਕਰ ਸਕਦੇ। ਦੌਲਤ ਖ਼ਾਨ ਲੋਧੀ ਨੇ ਆਪਣੇ ਮੁਲਕ ਨਾਲ ਗ਼ਦਾਰੀ ਕੀਤੀ ਤੇ ਇਸ ਰਜ਼ੀਲ ਨੇ ਦੌਲਤ ਖ਼ਾਨ ਨਾਲ। ਜੋ ਆਪਣੇ ਵਤਨ ਦਾ ਵਫ਼ਾਦਾਰ ਨਹੀਂ, ਆਪਣੇ ਆਕਾ ਦਾ ਨਹੀਂ, ਉਹ ਸਾਡਾ ਵਫ਼ਾਦਾਰ ਕਿਸ ਤਰ੍ਹਾਂ ਹੋਵੇਗਾ। ਜਾਓ, ਉਸ ਗ਼ਦਾਰ ਦਾ ਸਿਰ ਕਲਮ ਕਰ ਕੇ ਸ਼ਹਿਰ ਦੇ ਵਡੇ ਦਰਵਾਜ਼ੇ ਤੇ ਟੰਗ ਦਿਓ।

(ਨਗਾਰਾ)

(ਮਸ਼ਾਲਚੀ ਜਾਂਦਾ ਹੈ।)

ਬਾਹਰ ਅਕਰਮ ਖ਼ਾਨ ਦੀ ਅੰਤਿਮ ਚੀਖ ਤੇ ਵੱਢੇ ਜਾਣ ਦਾ ਛੋਟਾ ਜਿਹਾ ਖੜਾਕ ਸੁਣਾਈ ਦੇਂਦਾ ਹੈ।

ਬਾਬਰ : ਏਥੋਂ ਦੇ ਅਫ਼ਗਾਨ ਲੋਧੀ ਲੁਟ ਮਾਰ ਕਰਨਾ ਜਾਣਦੇ ਹਨ । ਇਹ ਡਾਕੂ ਹਨ, ਹਾਕਿਮ ਨਹੀਂ । ਲੁੱਟਣਾ ਆਸਾਨ, ਹਕੂਮਤ ਕਰਨਾ ਔਖਾ । ਅਲੀ ਕੁਲੀ ਖ਼ਾਨ, ਸਵੇਰ ਨੂੰ ਇਹ ਫ਼ੌਜਾਂ ਕੂਚ ਕਰਨ । ਦੋ ਸੌ ਸਿਪਾਹੀ ਤੇ ਮੁਸਤਫ਼ਾ ਖ਼ਾਨ ਨੂੰ ਫ਼ਿਲਹਾਲ ਏਥੇ ਰਹਿਣ ਦਿਓ । ਰਾਤ ਹੁਸੀਨ ਹੈ । ਬਲਦੇ ਸ਼ਹਿਰ ਦੀਆਂ ਲਾਟਾਂ ਖ਼ੂਬਸੂਰਤ ਲਗਦੀਆਂ ਹਨ, ਜਿਵੇਂ ਸੈਂਕੜੇ ਬਿਲੌਰੀ ਜਾਮਾਂ ਵਿਚ ਅਹਿਮਰੀਂ ਸ਼ਰਾਬ ਛਲਕ ਰਹੀ ਹੋਵੇ । ਅੱਲਾਹ ਤਾਅਲਾ ਨੇ ਸਾਨੂੰ ਕਾਮਯਾਬੀ ਬਖ਼ਸ਼ੀ । ਮੈਂ ਇਸ਼ਰ ਦੀ ਨਮਾਜ਼ ਅਦਾ ਕਰ ਚੁਕਿਆ ਹਾਂ । ਹੁਣ ਤੁਹਾਡੇ ਨਾਲ ਫ਼ਤਹਿ ਦਾ ਜਾਮ ਪੀਵਾਂਗਾ ।

ਦੋ ਔਰਤਾਂ ਉਜ਼ਬੇਕ ਲਿਬਾਸ ਵਿਚ ਸ਼ਰਾਬ ਦੀਆਂ ਸੁਰਾਹੀਆਂ ਲਈ ਦਾਖ਼ਲ ਹੁੰਦੀਆਂ ਹਨ । ਦੋ ਗ਼ੁਲਾਮ ਚਾਂਦੀ ਦੀ ਵਡੀ ਤਸ਼ਤਰੀ ਵਿਚ ਪਿਆਲੇ ਤੇ ਅੰਗੂਰਾਂ ਦੇ ਖ਼ੋਸ਼ੇ ਸਜਾਈ ਆਉਂਦੇ ਹਨ । ਮਸ਼ਾਲਚੀ ਉਹਨਾਂ ਦੇ ਨਾਲ ਹੈ । ਤੀਵੀਆਂ ਸ਼ਰਾਬ ਉਂਡੇਲਦੀਆਂ ਹਨ । ਸਭ ਤੋਂ ਪਹਿਲਾਂ ਜਾਮ ਬਾਬਰ ਨੂੰ ਤੇ ਫੇਰ ਉਸ ਦੇ ਸਾਥੀਆਂ ਨੂੰ ।

ਬਾਬਰ : ਮੁਹੰਮਦ ਸਾਰਬਾਨ, ਤੂੰ ਵੀ ਜਾਮ ਚੁਕ ।

ਸਾਰਬਾਨ : ਹਜ਼ੂਰ ਜਾਣਦੇ ਹਨ ਮੈਂ ਸ਼ਰਾਬ ਕਦੇ ਨਹੀਂ ਪੀਤੀ ।

ਬਾਬਰ : ਤੂੰ ਕੋਕਲਤਾਸ਼ ਖ਼ਾਨ ਤੋਂ ਕੁਝ ਅਕਲ ਸਿੱਖ । ਉਸ ਦੀ ਧੌਲੀ ਦਾੜ੍ਹੀ ਹੈ, ਬਜ਼ੁਰਗ ਹੈ, ਤੇ ਉਹ ਰੱਜ ਕੇ ਪੀਂਦਾ ਹੈ । ਤੂੰ ਆਪਣੀ ਕਾਲੀ ਦਾੜ੍ਹੀ ਦੀ ਹੀ ਕੁਝ ਇੱਜ਼ਤ ਰੱਖ । ਸਿਪਾਹੀ ਹੋ ਕੇ ਸ਼ਰਾਬ ਤੋਂ ਇਨਕਾਰ ?

ਸਾਰਬਾਨ : ਹਜ਼ੂਰ, ਮੈਂ ਜਾਮ ਭਰਾਂਗਾ, ਪਰ ਪੀਣ ਦੀ ਬੇ-ਅਦਬੀ ਨਹੀਂ ਕਰਾਂਗਾ ।

ਬਾਬਰ : ਅੱਛਾ, ਕੋਕਲਤਾਸ਼ ਖ਼ਾਨ ਤੇਰੀ ਦਾੜ੍ਹੀ ਲੰਬੀ ਹੈ । ਤੂੰ ਇਸ ਦੇ ਵੰਡੇ ਦਾ ਜਾਮ ਵੀ ਪੀਵੀਂ ਤਾਂ ਜੋ ਇਸ ਨੂੰ ਤੇਰੀ ਬਦੌਲਤ ਜੰਨਤ ਨਸੀਬ ਹੋਵੇ ।

ਸਭ ਜਾਮ ਚੁਕਦੇ ਹਨ । ਪਿਛੇ ਉਜ਼ਬੇਕ ਸੰਗੀਤ ।

ਪਹਿਲਾ ਸਿਪਾਹੀ : ਐ ਹੁਸੀਨਾ, ਮੇਰੇ ਪਿਆਲੇ ਵਿਚੋਂ ਅੱਧੀ ਸ਼ਰਾਬ ਤਾਂ ਡੁਲ੍ਹ ਈ ਗਈ । ਜ਼ਰਾ ਹੋਰ ।

ਦੂਜਾ ਸਿਪਾਹੀ : ਤੂੰ ਉਸ ਦੀਆਂ ਅੱਖਾਂ ਵਿਚੋਂ ਸ਼ਰਾਬ ਜੁ ਪੀ ਰਿਹਾ ਏਂ !

ਪਹਿਲਾ ਸਿਪਾਹੀ : ਖ਼ੁਦਾ ਦੀ ਕਸਮ, ਮੈਨੂੰ ਸਾਕੀ ਦੀਆਂ ਅੱਖਾਂ ਵਿਚ ਸ਼ਰਾਬ ਨਜ਼ਰ ਨਹੀਂ ਆਉਂਦੀ, ਸਗੋਂ ਸ਼ਰਾਬ ਦੇ ਪਿਆਲੇ ਵਿਚ ਸਾਕੀ ਦੀ ਅੱਖ ਨਜ਼ਰ

ਆਉਂਦੀ ਹੈ। ਜੀਅ ਚਾਹੁੰਦਾ ਹੈ ਸਾਕੀ ਦੇ ਨਸ਼ੀਲੇ ਜਾਮ ਬਾਰੇ ਇਕ ਸ਼ਿਅਰ ਕਹਾਂ।

ਬਾਬਰ : ਸ਼ਿਅਰੋ-ਸ਼ਾਇਰੀ ਬਕਵਾਸ ਹੈ। ਮੈਂ ਮਾਅਜੂਨ ਤੇ ਸ਼ਰਾਬ ਦੀਆਂ ਮਹਿਫਲਾਂ ਵਿਚ ਸ਼ਿਅਰ ਕਹੇ — ਪਰ ਇਉਂ ਲਗਦਾ ਹੈ ਕਿ ਵਕਤ ਜ਼ਾਇਆ ਕੀਤਾ ਹੈ। ਇਸ ਮੌਕੇ ਉਤੇ ਸ਼ਰਾਬ ਪੀਣਾ ਹਲਾਲ ਹੈ। ਪਰ ਸ਼ਿਅਰ ਕਹਿਣਾ ਹਰਾਮ! ਸਾਡੇ ਸਾਹਮਣੇ ਹਿੰਦੁਸਤਾਨ ਵਿਛਿਆ ਪਿਆ ਹੈ। ਇਸ ਨੂੰ ਸਿਰਫ਼ ਫ਼ਤਹਿ ਕਰਨਾ ਹੀ ਸਾਡਾ ਮਕਸਦ ਨਹੀਂ, ਇਸ ਨੂੰ ਸਾਂਭਣਾ ਵੀ ਹੈ। ਇਸ ਵੇਲੇ ਤਲਵਾਰ ਹੀ ਮੇਰੀ ਕਲਮ ਹੈ, ਤੇ ਮੈਂ ਇਸ ਨੂੰ ਦੁਸ਼ਮਨ ਦੇ ਖ਼ੂਨ ਵਿਚ ਡਬੋ ਕੇ ਹੀ ਸ਼ਿਅਰ ਲਿਖ ਸਕਦਾ ਹਾਂ।

ਏਲਚੀ ਮੁੱਲਾ ਅਹਿਮਦ : ਹਜ਼ੂਰ ਇਬਰਾਹੀਮ ਲੋਧੀ ਕੋਲ ਇਕ ਹਜ਼ਾਰ ਜੰਗੀ ਹਾਥੀ ਤੇ ਸਵਾ ਲੱਖ ਫ਼ੌਜ ਹੈ। ਇਹ ਫ਼ੌਜ ਦੀਵਾਰ ਬਣ ਸਕਦੀ ਹੈ — ਪਰ ਤੋਪ ਦਾ ਗੋਲਾ ਨਹੀਂ!

ਬਾਬਰ : ਉਹਨਾਂ ਵਿਚ ਮੇਰੇ ਸਿਪਾਹੀਆਂ ਵਾਲਾ ਅਜ਼ਮ ਕਿੱਥੇ!

ਕੋਕਲਤਾਸ਼ ਖ਼ਾਨ : ਫ਼ਰਗ਼ਾਨੇ ਵਿਚੋਂ ਜਦ ਮੈਂ ਤੁਹਾਡੇ ਨਾਲ ਰਾਤ ਨੂੰ ਵਤਨ ਛਡ ਕੇ ਨਿਕਲਿਆ ਤਾਂ ਮੈਂ ਵਫ਼ਾਦਾਰੀ ਦੀ ਕਸਮ ਖਾਧੀ। ਤੁਸੀਂ ਮੇਰੇ ਆਕਾ ਵੀ ਹੋ ਤੇ ਦੋਸਤ ਵੀ। ਇਹ ਜਾਮ ਪੀਣ ਲਗੇ ਮੈਂ ਤੁਹਾਡਾ ਹੁਕਮ ਵੀ ਮੰਨਦਾ ਹਾਂ ਤੇ ਇਕ ਮੁਸ਼ਫ਼ਕ ਦੋਸਤ ਦੀ ਸਿਹਤ ਲਈ ਦੁਆ ਵੀ ਕਰਦਾ ਹਾਂ।

ਮੁਹੰਮਦ ਸਾਰਬਾਨ — ਮਿਰਜ਼ਾ ਕੋਕਲਤਾਸ਼ ਖ਼ਾਨ ਨੂੰ ਮਾਅਜੂਨ ਤੇ ਸ਼ਰਾਬ ਵਿਚ ਜੱਨਤ ਨਜ਼ਰ ਆਉਂਦੀ ਹੈ — ਤੇ ਹੂਰਾਂ।

(ਸਭ ਹੱਸਦੇ ਹਨ)

ਬਾਬਰ : ਕਾਬਲ ਨੂੰ ਕੋਈ ਕਿਸ ਤਰ੍ਹਾਂ ਭੁੱਲੇ? ਕੰਧਾਰ ਮੇਰੀਆਂ ਰਾਤਾਂ ਵਿਚ ਲਰਜ਼ਦਾ ਹੈ। ਮੈਂ ਜਲਾਵਤਨ ਹਾਂ। ਪਰ ਸਾਥੀ ਤੇ ਹਮਰਕਾਬ ਜਿਸ ਜਗ੍ਹਾ ਹੋਣ ਓਹੀ ਵਤਨ।

ਅਲੀਕੁਲੀ ਖ਼ਾਨ : ਹਜ਼ੂਰ ਏਥੋਂ ਦਾ ਮੌਸਮ ਬਹੁਤ ਗਰਮ ਹੈ।

ਬਾਬਰ : ਮੈਂ ਤੈਮੂਰ ਦੀ ਔਲਾਦ ਹਾਂ। ਸਮੂਰ ਤੇ ਪੋਸਤੀਨ ਮੇਰਾ ਪੈਦਾਇਸ਼ੀ ਜਾਮਾ ਹੈ। ਹਿੰਦੁਸਤਾਨ ਦੀ ਗਰਮੀ ਸਾਡੇ ਇਰਾਦੇ ਨੂੰ ਪਿਘਲਾ ਨਹੀਂ ਸਕਦੀ। ਏਥੋਂ ਦੇ ਲੋਕ ਮੱਕਾਰ ਹਨ। ਧੋਖੇਬਾਜ਼, ਇਕ ਦੂਜੇ ਨੂੰ ਦਗ਼ਾ ਦੇਣ ਵਾਲੇ। ਇਹਨਾਂ ਵਿਚ ਵਾਹਦਤ ਨਹੀਂ, ਮਸਾਵਾਤ ਨਹੀਂ। ਨਾ ਇਹ ਕੱਠੇ ਖਾਂਦੇ ਹਨ ਨਾ ਪੀਂਦੇ। ਦੁਸ਼ਮਨ ਦੀ ਫ਼ੌਜ ਦੇ ਦਸ ਹਜਾਰ ਚੁੱਲ੍ਹੇ ਬਲ ਰਹੇ ਸਨ।

ਅਸੀਂ ਟਿੱਲੇ ਉਤੋਂ ਚੜ੍ਹ ਕੇ ਦੇਖਿਆ ਤੇ ਸਮਝ ਲਿਆ ਕਿ ਲੋਕ ਇਕੱਠੇ ਨਹੀਂ ਹੋ ਸਕਦੇ।

ਕੋਕਲਤਾਸ਼ ਖ਼ਾਨ : ਇਥੋਂ ਦੇ ਹਿੰਦੂ ਤੇ ਮੁਸਲਮਾਨ ਨਿੱਕੇ ਨਿੱਕੇ ਘੁਰਨਿਆਂ ਵਿਚ ਬੈਠ ਕੇ ਅੱਲਾਹ ਦਾ ਨਾਂ ਲੈਂਦੇ ਹਨ — ਹਨੇਰੀਆਂ ਕੋਠੜੀਆਂ, ਹੁਜਰੇ। ਇਹਨਾਂ ਲੋਕਾਂ ਦੇ ਮਨ ਵੀ ਅਜਿਹੇ ਹਨ — ਅੰਦਰ ਚਿਰਾਗ਼ ਲੈ ਕੇ ਜਾਣਾ ਪੈਂਦਾ ਹੈ।

ਬਾਬਰ : ਮੈਂ ਅਜਿਹਾ ਚਿਰਾਗ਼ ਲੈ ਕੇ ਆਇਆ ਹਾਂ!

ਕੋਕਲਤਾਸ਼ ਖ਼ਾਨ : ਏਥੇ ਚੰਗੇ ਘੋੜੇ ਹਨ, ਨਾ ਦੁੰਬੇ ਦਾ ਗੋਸ਼ਤ, ਨਾ ਬਰਫ਼, ਨਾ ਚਸ਼ਮੇ, ਨਾ ਤਨੂਰੀ ਨਾਨ, ਨਾ ਹਮਾਮ। ਬਸ ਨੰਗੇ-ਭੁੱਖੇ ਲੋਕ ਹਨ।

ਬਾਬਰ : ਅਜੀਬ ਲੋਕ ਹਨ, ਅੰਨ ਨੂੰ ਅੰਨ ਖਾਂਦੇ ਹਨ। (ਹੱਸਦਾ ਹੈ।) ਗ਼ੱਲਾ ਰਾ ਬ ਗ਼ੱਲਾ ਖ਼ੁਰੰਦ।

(ਸਾਰੇ ਹੱਸਦੇ ਹਨ।)

ਸਹਰ ਦੀ ਅਜ਼ਾਨ।

ਰਫ਼ੀਕਾਂ ਨਾਲ ਰਾਤ ਕਿੰਨੀ ਜਲਦੀ ਗੁਜ਼ਰ ਗਈ। ਇਹ ਆਰਾਮ ਕਰਨ ਦਾ ਵਕਤ ਨਹੀਂ। ਇਸ ਮਹਿਫ਼ਲ ਪਿੱਛੋਂ ਅਸੀਂ ਫੇਰ ਤਾਜ਼ਾ ਦਮ ਹੋ ਗਏ। ਸਾਰਬਾਨ, ਫ਼ੌਜ ਨੂੰ ਕੂਚ ਦਾ ਹੁਕਮ ਦਿਓ।

ਸਾਰਬਾਨ : ਜੋ ਹੁਕਮ ਮੇਰੇ ਆਕਾ

ਮਸ਼ਾਲਚੀ, ਔਰਤਾਂ ਤੇ ਗ਼ੁਲਾਮ ਕੋਰਨਿਸ਼ ਕਰ ਕੇ ਜਾਂਦੇ ਹਨ। ਸਾਰਬਾਨ ਤਲਵਾਰ ਮਿਆਨ ਵਿਚੋਂ ਕੱਢ ਕੇ ਚੁੰਮਦਾ ਹੈ, ਤੇ ਬਾਹਰ ਨਿਕਲ ਜਾਂਦਾ ਹੈ।

(ਨਗਾਰੇ ਦੀ ਆਵਾਜ਼।)

ਬਾਬਰ : ਚਲੋ, ਮੇਰੇ ਬਹਾਦਰੋ!

ਬਾਬਰ ਤਲਵਾਰ ਸੂਤ ਕੇ ਲਲਕਾਰਦਾ ਹੈ। ਉਸ ਦੇ ਸਾਥੀ ਵੀ ਤਲਵਾਰਾਂ ਸੂਤ ਕੇ ਚੁੰਮਦੇ ਹਨ।

ਅਸੀਂ ਗ਼ਾਜ਼ੀ ਹਾਂ, ਮੁਗ਼ਲ ਨਹੀਂ। ਜਿਤਨੇ ਕੈਦੀ ਹਨ ਸਭ ਨੂੰ ਕਤਲ ਕਰ ਦਿਓ। ਔਰਤਾਂ ਨੂੰ ਸਿਪਾਹੀਆਂ ਦੇ ਹਵਾਲੇ ਕਰੋ। ਦੁਕਾਨਾਂ, ਘਰਾਂ ਤੇ ਬਾਜ਼ਾਰਾਂ ਨੂੰ ਅੱਗ ਲਾ ਦਿਓ। ਕੋਈ ਚੀਜ਼ ਤੁਹਾਡੀ ਤਲਵਾਰ ਜਾਂ ਨੇਜ਼ੇ ਦੀ ਮਾਰ ਤੋਂ ਨਾ ਬਚੇ। ਕੋਕਲਤਾਸ਼ ਖ਼ਾਨ ਏਥੋਂ ਰੋਪੜ ਵਲ ਵਧੋ, ਫਿਰ ਸਰਹੰਦ, ਫਿਰ ਘੱਗਰ, ਫਿਰ ਥਾਨੇਸਰ ਤੇ ਅਖ਼ੀਰ ਵਿਚ — ਪਾਨੀਪਤ ਦਾ ਮੈਦਾਨ।

ਬਾਬਰ ਤੇ ਉਸ ਦੇ ਜਰਨੈਲ ਬਾਹਰ ਨਿਕਲ ਜਾਂਦੇ ਹਨ। ਨਗਾਰੇ, ਡਫ਼ਲਾਂ ਤੇ ਘੋੜੇ ਹਿਣਕਣ ਦੀ ਆਵਾਜ਼। ਕੋਲਾਹਲ। ਲੋਕਾਂ ਦੀ ਆਹੋ-ਜ਼ਾਰੀ। ਆਕਾਸ਼ੀ ਪਟ ਉਤੇ ਅੱਗਾਂ ਤੇ ਧੂੰਆਂ। ਤੀਵੀਂਆਂ ਦੇ ਹਉਕੇ।
ਕੈਦੀਆਂ ਦੇ ਗਲ ਵਿਚ ਫੰਧੇ ਪਾ ਕੇ ਉਹਨਾਂ ਨੂੰ ਧਕੇ ਮਾਰ ਕੇ ਲਿਜਾਇਆ ਜਾ ਰਿਹਾ ਹੈ।
ਮੁਗ਼ਲ ਸਿਪਾਹੀ ਨੇਜ਼ੇ ਉਤੇ ਕੱਟਿਆ ਹੋਇਆ ਸਿਰ ਟੰਗੀ ਆਉਂਦਾ ਹੈ। ਔਰਤ ਚੀਖ਼ ਮਾਰ ਕੇ ਬੇ-ਹੋਸ਼ ਹੋ ਜਾਂਦੀ ਹੈ। ਮੁਗ਼ਲ ਸਿਪਾਹੀ ਉਸ ਨੂੰ ਕੇਸਾਂ ਤੋਂ ਫੜ ਕੇ ਘਸੀਟਦਾ ਹੈ। ਹਉਕੇ।

ਤੀਵੀਆਂ ਦਾ ਕੋਰਸ :

ਜਿਨ ਸਿਰਿ ਸੋਹਨਿ ਪਟੀਆ
ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨਿ
ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰਿ ਹੋਦੀਆ
ਹੁਣਿ ਬਹਣਿ ਨਾ ਮਿਲਨਿ ਹਦੂਰਿ ॥
ਆਦੇਸ ਬਾਬਾ ਆਦੇਸ ॥
ਆਦਿ ਪੁਰਖ ਤੇਰ ਅੰਤੁ ਨ ਪਾਇਆ
ਕਰਿ ਕਰਿ ਦੇਖਹਿ ਵੇਸ ॥

( ਹਨੇਰਾ )

## ਦ੍ਰਿਸ਼ ਪੰਜਵਾਂ

(ਮਰਦਾਨਾ ਦਾਖ਼ਿਲ ਹੁੰਦਾ ਹੈ।)

ਮਰਦਾਨਾ : ਬਹੁਤ ਕਹਿਰ ਦੇਖਿਆ। ਯੁੱਗ ਪਲਟਦੇ ਤੇ ਰਾਜ ਬਦਲਦੇ ਦੇਖੇ। ਬਹੁਤ ਤਬਾਹੀ ਵੇਖੀ ਪਰ ਗੁਰੂ ਦੇ ਸ਼ਬਦਾਂ ਨੇ ਮੈਨੂੰ ਸ਼ਕਤੀ ਦਿਤੀ। ਜਦ ਮੇਰੇ ਗੁਰੂ ਨੂੰ ਫੜ ਕੇ ਲੈ ਗਏ ਤਾਂ ਉਸ ਨੂੰ ਚੱਕੀ ਪੀਹਣ ਲਾ ਦਿਤਾ। ਤਾਂ ਉਸ ਦੀ ਬਾਣੀ ਹਰ ਕੋਠੜੀ ਵਿਚ ਗੂੰਜੀ ਤੇ ਹਰ ਕੋਠੜੀ ਨੂਰ ਨਾਲ ਭਰ ਗਈ।

ਉਹ ਕੌਣ ਤੁਰੇ ਆਉਂਦੇ ਹਨ ? ਖ਼ਸਤਾ ਤੇ ਬੁਰੇ ਹਾਲ । ਇਹ ਤਾਂ ਉਹ ਹੀ ਬ੍ਰਾਹਮਣ ਹੈ ਜਿਸ ਨੇ ਮਲਿਕ ਭਾਗੋ ਦਾ ਬ੍ਰਹਮ ਭੋਜ ਖਾ ਕੇ ਮੇਰੇ ਗੁਰੂ ਨੂੰ ਭੰਡਿਆ ਸੀ। ਤੇ ਉਸ ਦੇ ਨਾਲ ਤੁਰਿਆ ਆਉਂਦਾ ਹੈ ਮਸੀਤ ਦਾ ਮੌਲਵੀ।

(ਬ੍ਰਾਹਮਣ ਤੇ ਮੌਲਵੀ ਖ਼ਸਤਾ-ਹਾਲ ਪ੍ਰਵੇਸ਼ ਕਰਦੇ ਹਨ।)

ਬ੍ਰਾਹਮਣ : ਈਸ਼ਵਰ ਦੀ ਕਰੋਪੀ ਹੋਈ ਤੇ ਸਭ ਕੁਝ ਜਾਂਦਾ ਰਿਹਾ।

ਮੌਲਵੀ : ਅਲੱਾਹ ਦਾ ਕਹਿਰ ਨਾਜ਼ਿਲ ਹੋਇਆ ਤੇ ਸਭ ਕੁਝ ਤਬਾਹ ਹੋ ਗਿਆ।

ਬ੍ਰਾਹਮਣ : ਮੁਗਲਾਂ ਨੇ ਨਾ ਕਿਸੇ ਸਾਧੂ ਮਹਾਤਮਾ ਦਾ ਲਿਹਾਜ਼ ਕੀਤਾ ਨਾ ਮੰਦਰ ਸ਼ਿਵਾਲੇ ਦਾ ।

ਮੌਲਵੀ : ਉਹਨਾਂ ਨੇ ਨਾ ਕਿਸੇ ਪੀਰ ਫ਼ਕੀਰ ਉਤੇ ਤਰਸ ਕੀਤਾ ਨਾ ਮਸਜਿਦ ਮਕਬਰੇ ਤੇ ।

ਬ੍ਰਾਹਮਣ : ਅਸੀਂ ਧਰਮ ਦਾ ਨਾਂ ਲੈ ਕੇ ਵੰਡੀਆਂ ਪਾਈਆਂ।

ਮੌਲਵੀ : ਮਜ਼ਹਬ ਦਾ ਨਾਅਰਾ ਲਾ ਕੇ ਨਫ਼ਰਤ ਬੀਜਦੇ ਰਹੇ। ਇਕ ਦੂਜੇ ਨੂੰ ਦਗ਼ਾ ਦਿੱਤਾ, ਇਕ ਦੂਜੇ ਨੂੰ ਵੇਚਿਆ। ਦੇਸ਼ ਨੂੰ ਵੀ ਇਸੇ ਧ੍ਰੋਹ ਕਾਰਨ ਗ਼ੈਰਾਂ ਦੇ ਹਵਾਲੇ ਕਰ ਦਿੱਤਾ।

ਬ੍ਰਾਹਮਣ : ਨਾ ਮੈਂ ਹਿੰਦੂ ਰਿਹਾ...... ।

ਮੌਲਵੀ : ਤੇ ਨਾ ਮੈਂ ਮੁਸਲਮਾਨ।

ਮਰਦਾਨਾ : ਮੇਰੇ ਗੁਰੂ ਦਾ ਇਹੋ ਵਾਕ ਸੀ।

ਮੌਲਵੀ : ਨਾਨਕ ਦੀ ਗੱਲ ਸੱਚ ਹੈ, ਜੇ ਪਹਿਲਾਂ ਸੋਚਿਆ ਹੁੰਦਾ ਤਾਂ ਇਹ ਸਜ਼ਾ ਕਿਉਂ ਮਿਲਦੀ।

ਬ੍ਰਾਹਮਣ : ਨਾਨਕ ਦਾ ਰੱਬ ਸੱਚਾ ਹੈ, ਉਸ ਦਾ ਤਪ ਸੱਚਾ । ਉਸ ਦਾ ਨਿਆਂ ਸੱਚਾ ਹੈ। ਜੋ ਉਸ ਨੂੰ ਨਹੀਂ ਵੀ ਸੀ ਮੰਨਦਾ, ਹੁਣ ਉਸ ਦੀਆਂ ਪਵਿੱਤਰ ਪੈੜਾਂ ਤੇ ਤੁਰ ਰਿਹਾ ਹੈ।

ਮੌਲਵੀ : ਮੈਂ ਸਾਰੀ ਉਮਰ ਨਮਾਜ਼ ਰੋਜ਼ੇ ਦਾ ਪਾਬੰਦ ਰਿਹਾ ਤੇ ਏਸੇ ਵਿਚ ਅੱਲਾਹ ਨੂੰ ਭੁਲਾ ਬੈਠਾ।

ਬ੍ਰਾਹਮਣ : ਲੋਭ ਤੇ ਪਾਪ ਰਾਜਾ ਤੇ ਵਜ਼ੀਰ ਹਨ। ਗਿਆਨ ਬਾਝੋਂ ਰਿਆਇਆ ਅੰਨ੍ਹੀ ਹੈ। ਪੰਡਿਤ ਮੂਰਖ ਹਨ, ਪੀਰ ਫ਼ਕੀਰ ਪਖੰਡੀ ਹਨ । ਮੈਂ ਸਾਰੀ ਉਮਰ ਗੁਰੂ ਨਾਨਕ ਦੇ ਵਿਰੁਧ ਬੋਲਿਆ, ਪਰ ਹੁਣ ਮੈਨੂੰ ਉਸ ਦੀ ਖੋਜ ਹੈ, ਸੱਚੇ ਨਾਮ ਦੀ।

ਮੌਲਵੀ : ਮੈਂ ਵੀ ਤੇਰੇ ਨਾਲ ਚਲਦਾ ਹਾਂ ।

(ਦੋਵੇਂ ਬਾਹਰ ਨਿਕਲ ਜਾਂਦੇ ਹਨ ।)

(ਮਰਦਾਨਾ ਖੜਾ ਉਹਨਾਂ ਨੂੰ ਜਾਂਦਿਆਂ ਨੂੰ ਤੱਕਦਾ ਹੈ ।)

(ਹਨੇਰਾ)

## ਦ੍ਰਿਸ਼ ਛੇਵਾਂ

ਚਾਰ ਤੀਵੀਂਆਂ ਪਾਣੀ ਦੇ ਘੜੇ ਚੁੱਕੀ ਦਾਖ਼ਿਲ ਹੁੰਦੀਆਂ ਹਨ । ਆਕਾਸ਼ੀ ਪਟ ਉਤੇ ਅੰਬਰ ਦਾ ਨੀਲਾ ਰੰਗ ਫੈਲਿਆ ਹੋਇਆ ਹੈ ।

ਇਕ ਤੀਵੀਂ : ਨੀ ਛੇਤੀ ਕਰੋ, ਸੁਣਿਐਂ ਅੱਜ ਗੁਰੂ ਨਾਨਕ ਪਰਤ ਰਿਹਾ ਹੈ ।

ਦੂਜੀ ਤੀਵੀਂ : ਰਾਵੀ ਦੇ ਕੰਢੇ ਪਾਣੀ ਵਿਚ ਅੱਜ ਕੇਸਰ ਘੁਲੀ ਜਾਪਦੀ ਹੈ ।

ਪਹਿਲੀ ਤੀਵੀਂ : ਮੈਂ ਚੰਪਾ ਦੇ ਫੁੱਲ ਤੋੜ ਕੇ ਲਿਆਵਾਂਗੀ, ਤੇ ਉਸ ਰਾਹ ਵਿਚ ਵਿਛਾਵਾਂਗੀ ਜਿਥੋਂ ਗੁਰੂ ਨਾਨਕ ਲੰਘੇਗਾ ।

(ਬ੍ਰਾਹਮਣ ਤੇ ਮੌਲਵੀ ਦਾਖ਼ਿਲ ਹੁੰਦੇ ਹਨ ।)

ਬ੍ਰਾਹਮਣ : ਸੁਹਾਗਵਤੀਓ ਜਲ ਦਾ ਬੁੱਕ ਮੈਨੂੰ ਵੀ ਪਿਲਾਉ । ਬੜੀ ਦੂਰ ਤੋਂ ਤੁਰਦਾ ਆਇਆਂ ।

ਦੂਜੀ ਤੀਵੀਂ : ਪੰਡਿਤ ਜੀ ਤੁਸੀਂ ਸਾਡੇ ਘੜੇ ਦਾ ਪਾਣੀ ਪੀ ਲਓਗੇ ? ਅਸੀਂ ਤਰਖਾਣ ਹੁੰਦੇ ਆਂ ।

ਬ੍ਰਾਹਮਣ : ਪਾਣੀ ਸਭ ਦਾ ਸਾਂਝਾ, ਜਿਵੇਂ ਗੁਰੂ ਦੀ ਬਾਣੀ ।

ਇਕ ਤੀਵੀਂ : ਲਉ, ਪੀਉ ।

(ਘੜਾ ਓਝ ਕੇ ਪਾਣੀ ਪਿਲਾਉਂਦੀ ਹੈ । ਬ੍ਰਾਹਮਣ ਤੇ ਮੌਲਵੀ ਇਕ ਘੜੇ ਵਿਚੋਂ ਪਾਣੀ ਪੀਂਦੇ ਹਨ ।)

ਬ੍ਰਾਹਮਣ : ਰਾਵੀ ਦਾ ਪਾਣੀ ਕਿੰਨਾ ਮਿੱਠਾ ਹੈ । ਮੈਂ ਸਾਰੇ ਭਰਮ ਰੋਹੜ ਆਇਆ ਹਾਂ । ਜਨੇਊ ਨਾਲ ਮੇਰੀ ਆਤਮਾ ਦੇ ਪਿੰਡੇ ਉਤੇ ਲਾਸਾਂ ਪੈ ਗਈਆਂ ਸਨ । ਤਿਲਕ ਲਾ ਲਾ ਕੇ ਮੇਰੇ ਮੱਥੇ ਦੀ ਬੁੱਧ ਜਾਂਦੀ ਰਹੀ ਸੀ । ਹੁਣ ਮੇਰਾ ਚਿੱਤ ਕਿੰਨਾ ਨਿਰਮਲ ਹੈ ।

ਮੌਲਵੀ : ਵਜ਼ੂ ਕਰਕੇ ਮੇਰੀ ਰੂਹ ਕਦੇ ਪਾਕ ਨਹੀਂ ਸੀ ਹੋਈ । ਅਜ਼ਾਨ ਦੀ ਆਵਾਜ਼ ਮੇਰੇ ਮਨ ਦੇ ਗੁੰਬਜ਼ ਵਿਚ ਕਦੇ ਨਹੀਂ ਸੀ ਗੂੰਜੀ । ਪਰ ਅੱਜ ਇਉਂ ਜਾਪਦੈ ਜਿਵੇਂ ਮੈਂ ਅੱਲਾਹ ਦੇ ਹਜ਼ੂਰ ਵਿਚ ਖੜਾ ਹੋਵਾਂ ।

(ਤੀਵੀਂਆਂ ਘੜੇ ਚੁੱਕ ਕੇ ਜਾਂਦੀਆਂ ਹਨ । ਬ੍ਰਾਹਮਣ ਗੋਲ ਥੜ੍ਹੇ ਦੇ ਗਿਰਦ ਚੱਕਰ ਕੱਢ ਕੇ ਮੰਚ ਦੇ ਅਗੇਤਰ ਆਉਂਦਾ ਹੈ ।)

ਬ੍ਰਾਹਮਣ : ਰਾਵੀ ਦੇ ਕੰਢੇ ਵੱਸਿਆ ਕਰਤਾਰਪੁਰ ਕਿਤਨਾ ਰਮਣੀਕ ਹੈ । ਸਾਰਾ ਪਿੰਡ ਹੁਮ ਹੁਮਾ ਕੇ ਗੁਰੂ ਦੇ ਸਵਾਗਤ ਲਈ ਜੁੜਿਆ ਹੈ । ਮਾਤਾ ਤ੍ਰਿਪਤਾ ਦਾ ਨਿੱਕਾ ਨਾਨਕ ਅਜ ਜੱਗ ਦਾ ਨਾਨਕ ਬਣ ਗਿਆ ਹੈ । ਤੇ ਸੁਲੱਖਣੀ ਦੇ ਸਿਰ ਦਾ ਸਾਈਂ ਅੱਜ ਜੱਗ ਦਾ ਸਾਈਂ ਬਣ ਕੇ ਮੁੜਿਆ ਹੈ ।

ਰਬਾਬੀਆਂ ਦਾ ਕੋਰਸ :

ਇਕ ਦੇ ਸਿਰ ਦਾ ਸਾਈਂ ਮੁੜਿਆ
ਇਕ ਦੀ ਅੱਖ ਦਾ ਨੂਰ
ਇਕ ਦੀ ਮਮਤਾ ਸਾਗਰ ਬਣ ਗਈ
ਨੂਰ ਹੋਇਆ ਸੰਧੂਰ ।

—

ਇਕ ਦੇ ਸਿਰ ਦਾ ਸਾਈਂ ਬਣਿਆ
ਅੱਜ ਕੁੱਲ ਜੱਗ ਦਾ ਸਾਈਂ
ਇਕ ਦੀ ਅੱਖ ਦਾ ਨੂਰ ਹੋ ਗਿਆ
ਅੱਜ ਸੂਰਜ ਦੇ ਨਿਆਈਂ
ਧੁੰਦ ਮਿਟੀ ਜੱਗ ਚਾਨਣੁ ਹੋਆ
ਹਰ ਜ਼ੱਰੇ ਵਿਚ ਤੂਰ ।
ਸਾਰੇ ਜੱਗ ਦਾ ਸਾਈਂ ਮੁੜਿਆ
ਸਾਰੇ ਜੱਗ ਦਾ ਨੂਰ ।

ਸਾਰੇ ਪਿੰਡ ਦੇ ਲੋਕ ਉਹਨਾਂ ਦੇ ਪਿੱਛੇ ਤੁਰਦੇ ਪਰਭਾਤ ਫੇਰੀ ਵਾਂਗ ਦਰਸ਼ਕਾਂ ਦੇ ਵਿਚੋਂ ਦੀ ਲੰਘਦੇ ਹਨ । ਇਹ ਜਲੂਸ-ਝਾਕੀ ਪਿੰਡ ਦੀ ਨਵੀਂ ਚੇਤਨਾ ਤੇ ਖ਼ੁਸ਼ੀ ਦਾ ਹੁਲਾਰਾ ਹੈ ।

[ ਸਮਾਪਤ ]

